ਅਰਮਾਨ (ARMAAN)
(An International Multidisciplinary, Open Access
Peer-Reviewed & Indexed Research Journal)
Vol. 4 | Issue 2| Apr.-June 2026

ISSN: 2583-9446 (O)
Paper Id: ARMN040202
Available online at: www.armaan.org.in
DOI: https://doi.org/10.64119/armaan.vol.4.issue2.02

# ਗੁਰੂ ਤੇਗ ਬਹਾਦਰ ਜੀ ਦੀ ਬਾਣੀ ਵਿਚ ਵਿਭਿੰਨ ਮਤ-ਮਤਾਂਤਰਾਂ ਨਾਲ ਸੰਬੰਧਿਤ ਧਾਰਮਿਕ ਸ਼ਬਦਾਵਲੀ: ਸਰਵੇਖਣ ਤੇ ਅਰਥ ਪਰਿਵਰਤਨ

# Guru Tegh Bahadur Ji Di Bani Vich Vibhin Mat-Matantar Nal Sambandit Dharmik Shabadavali: Sarvekhan Te Arth Parivartan

**ਡਾ. ਰਾਜਵਿੰਦਰ ਕੌਰ (Dr. Rajwinder Kaur)**
ਪੀਡੀਐਫ ਫੈਲੋ, ਆਈਸੀਐਸਐਸਆਰ, ਗੁਰੂ ਨਾਨਕ ਅਧਿਐਨ ਵਿਭਾਗ (PDF Fellow, ICSSR, Dept. of Guru Nanak Studies)
ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ (ਪੰਜਾਬ)- 143005
Email ID: rajwinderkaurkatron@gmail.com

**ਸਾਰ (Abstract)**

*ਹੱਥਲੇ ਪਰਚੇ ਦੇ ਅੰਤਰਗਤ ਗੁਰੂ ਤੇਗ ਬਹਾਦਰ ਬਾਣੀ ਵਿੱਚ ਜੋ ਸਾਨੂੰ ਵੱਖ-ਵੱਖ ਮਤ-ਮਤਾਂਤਰਾਂ ਜਿਵੇਂ ਹਿੰਦੂ ਮਤ, ਜੋਗੀਆਂ, ਸਿੱਧਾਂ, ਨਾਥਾਂ ਆਦਿ ਨਾਲ ਸੰਬੰਧਿਤ ਸ਼ਬਦਾਵਲੀ ਮਿਲਦੀ ਹੈ, ਉਸ ਦਾ ਸਰਵੇਖਣ ਪੇਸ਼ ਕੀਤਾ ਗਿਆ ਹੈ। ਇਸ ਦੇ ਨਾਲ ਨਾਲ ਸੰਬੰਧਿਤ ਸ਼ਬਦਾਵਲੀ ਦੀ ਗੁਰਮਤਿ ਦੇ ਪਰਿਪੇਖ ਵਿੱਚ ਹੋਏ ਅਰਥ ਪਰਿਵਰਤਨ ਦੀ ਚਰਚਾ ਵੀ ਕੀਤੀ ਗਈ ਹੈ। ਜਿਸ ਤਰ੍ਹਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸ਼ਬਦਾਵਲੀ ਵਿੱਚ ਭਾਰਤੀ ਮਿੱਥਾਂ ਖ਼ਾਸਕਰ ਹਿੰਦੂ ਮਤ, ਇਸਲਾਮ ਮਤ, ਸਿੱਧਾਂ, ਜੋਗੀਆਂ ਆਦਿ ਨਾਲ ਸੰਬੰਧਿਤ ਧਾਰਮਿਕ ਸ਼ਬਦਾਵਲੀ ਦਾ ਵੱਡਾ ਪਸਾਰਾ ਮੌਜੂਦ ਹੈ। ਉਥੇ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਵਿੱਚ ਸਾਨੂੰ ਵਧੇਰੇ ਹਿੰਦੂ ਮਤ ਦੇ ਦੇਵਤਿਆਂ, ਪ੍ਰਸਿੱਧ ਪਾਤਰਾਂ, ਧਾਰਮਿਕ ਕਿਰਿਆਵਾਂ ਅਤੇ ਸਿੱਧਾਂ, ਜੋਗੀਆਂ ਆਦਿ ਨਾਲ ਸੰਬੰਧਿਤ ਸ਼ਬਦਾਵਲੀ ਪ੍ਰਾਪਤ ਹੁੰਦੀ ਹੈ। ਇਸ ਦਾ ਵਧੇਰੇ ਕਾਰਨ ਗੁਰੂ ਤੇਗ ਬਹਾਦਰ ਜੀ ਦੇ ਪੂਰਬੀ ਭਾਰਤ ਦੇ ਪ੍ਰਚਾਰ ਦੌਰੇ ਮੰਨੇ ਜਾਂਦੇ ਹਨ। ਜਿਥੇ ਉਹ ਆਪਣੇ ਸਿੱਖਾਂ ਸਮੇਤ ਵਧੇਰੇ ਹਿੰਦੂ ਜਨ-ਸਮੂਹ ਨੂੰ ਸੰਬੋਧਿਤ ਰਹੇ।*

***ਕੀਵਰਡ (Keyword):*** *ਸ੍ਰੀ ਗੁਰੂ ਗ੍ਰੰਥ ਸਾਹਿਬ, ਗੁਰੂ ਤੇਗ ਬਹਾਦਰ ਬਾਣੀ, ਅਰਥ ਪਰਿਵਰਤਨ, ਧਾਰਮਿਕ ਸ਼ਬਦਾਵਲੀ, ਦ੍ਰਿਸ਼ਟਾਂਤ, ਭਾਰਤੀ ਮਤ-ਮਤਾਂਤਰ।*

## ਜਾਣ-ਪਛਾਣ

ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਗੁਰੂ ਤੇਗ ਬਹਾਦਰ ਜੀ ਦੀ ਬਾਣੀ 15 ਰਾਗਾਂ ਅਤੇ ਦੋ ਕਾਵਿ ਰੂਪਾਂ ਵਿੱਚ ਸੰਕਲਿਤ ਹੈ ਜਿਸ ਵਿੱਚ 57 ਸਲੋਕ 59 ਪਦੇ (ਸ਼ਬਦ) ਸ਼ਾਮਿਲ ਹਨ। ਆਪ ਜੀ ਦੀ ਇਲਾਹੀ ਬਾਣੀ ਦੀ ਬੋਲੀ ਸਰਲ ਰੂਹ ਨੂੰ ਸਕੂਨ ਦੇਣ ਵਾਲੀ, ਬੇਮਿਸਾਲ ਤੇ ਨਵੀਨਤਾ ਨਾਲ ਸਰਸਾਰ ਹੈ। ਡਾ. ਕਾਲਾ ਸਿੰਘ ਬੇਦੀ ਅਨੁਸਾਰ, *"ਗੁਰੂ ਜੀ ਦੀ ਬਾਣੀ, ਦਿਲੀ ਜਜ਼ਬਿਆਂ, ਸੱਧਰਾਂ, ਰੀਝਾਂ ਅਤੇ ਅਨੁਭਵ ਉੱਪਰ ਆਧਾਰਤ ਹੈ, ਜੋ ਲੋਕ-ਕਲਿਆਣ ਲਈ ਗੁਰੂ ਜੀ ਦੇ ਮੁਖਾਰਬਿੰਦ ਤੋਂ ਕੁਦਰਤੀ ਚਸ਼ਮੇ ਵਾਂਗ ਰੂਨੁਮਾ [ਪ੍ਰਗਟ] ਹੋਈ ਹੈ। ਇਹ ਬਾਣੀ ਮਾਨੋ ਇਕ ਦਰਪਨ ਹੈ, ਜਿਸ ਵਿੱਚ ਜਗਤ ਦੀ ਅਸਲੀਅਤ, ਦੁੱਖ-ਸੁੱਖ, ਉਸਤਤਿ-ਨਿੰਦਾ, ਮਾਨ-ਅਪਮਾਨ, ਸੋਨਾ-ਮਿੱਟੀ ਦੀ ਹਕੀਕਤ ਸਾਫ਼ ਨਜ਼ਰ ਆ ਰਹੀ ਹੈ।"* [1] ਗੁਰੂ ਤੇਗ ਬਹਾਦਰ ਜੀ ਨੇ ਕਹਿਣੀ ਤੇ ਕਥਨੀ ਨੂੰ ਇਕ ਕਰ ਦਿਖਾਇਆ। ਗੁਰੂ ਸਾਹਿਬ ਦੀ ਸ਼ਹਾਦਤ ਇਸ ਕਥਨ ਦੀ ਪ੍ਰੋੜ੍ਹਤਾ ਕਰਦੀ ਹੈ।

ਕੁਝ ਵਿਦਾਵਾਨ ਆਪ ਜੀ ਦੀ ਬਾਣੀ ਦੀ ਬੋਲੀ ਬ੍ਰਜੀ ਨੂੰ ਸਵੀਕਾਰ ਕਰਦੇ ਹਨ। ਪਰ ਸਧਾਰਨ ਪਾਠਕ ਲਈ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਦੀ ਬੋਲੀ ਵਿੱਚ ਕਿਸੇ ਪ੍ਰਕਾਰ ਦੀ ਔਖਿਆਈ ਪ੍ਰਤੀਤ ਨਹੀਂ ਹੁੰਦੀ। ਪਾਠਕ ਜਾਂ ਸ੍ਰੋਤਿਆਂ ਦੇ ਮਨਾਂ ਤੇ ਡੂੰਘਾ ਪ੍ਰਭਾਵ ਪਾਉਂਦੀ ਆਪ ਦੀ ਬਾਣੀ ਧੁਰ ਅੰਦਰ ਉਤਰ ਜਾਂਦੀ ਹੈ ਤੇ ਇਕ ਨਿਵੇਕਲਾ ਰਸ ਤੇ ਸਕੂਨ ਪ੍ਰਦਾਨ ਕਰਦੀ ਹੈ। ਇਹੀ ਕਾਰਨ ਹੈ ਕਿ ਪੰਜਾਬੀ ਪਾਠਕ ਨੂੰ ਇੰਜ ਪ੍ਰਤੀਤ ਹੁੰਦਾ ਹੈ ਕਿ, *ਸਲੋਕ ਜੇ ਪੰਜਾਬੀ ਭਾਸ਼ਾ ਵਿੱਚ ਨਹੀਂ ਤਾਂ ਪੰਜਾਬੀ ਨੁਮਾ ਜ਼ਰੂਰ ਹਨ। ਉਨ੍ਹਾਂ ਨੂੰ ਪੜ੍ਹਨ ਵਿੱਚ ਕਿਸੇ ਪ੍ਰਕਾਰ ਦੀ ਅਸੁਵਿਧਾ ਨਹੀਂ ਹੈ।* [2] ਅਸਲ ਵਿੱਚ ਗੁਰੂ ਤੇਗ ਬਹਾਦਰ ਜੀ ਬਹੁਤ ਹੀ ਸਰਲ ਬੋਲੀ ਤੇ ਲੋਕ ਜੀਵਨ ਵਿੱਚ ਪ੍ਰਚਲਿਤ ਪੌਰਾਣਿਕ ਪਾਤਰਾਂ ਦੇ ਦ੍ਰਿਸ਼ਟਾਂਤਾਂ ਨਾਲ ਮਨੁਖ ਨੂੰ ਜੀਵਨ ਸਫਲਤਾ ਵਲ ਤੁਰਨ ਲਈ ਪ੍ਰੇਰਦੇ ਹਨ। ਇਸ ਲਈ ਬਾਣੀ ਸ੍ਰੀ ਗੁਰੂ ਤੇਗ ਬਹਾਦਰ ਵਿੱਚੋਂ ਹਰ ਇਨਸਾਨ ਆਪਣੀ ਬੌਧਿਕ ਸਮਰਥਾ ਤੇ ਜਗਿਆਸਾ ਅਨੁਸਾਰ ਤ੍ਰਿਪਤੀ ਕਰ ਸਕਦਾ ਹੈ।

## ਉਦੇਸ਼

ਹਥਲੇ ਪਰਚੇ ਦੇ ਅੰਤਰਗਤ ਗੁਰੂ ਤੇਗ ਬਹਾਦਰ ਬਾਣੀ ਵਿੱਚ ਜੋ ਸਾਨੂੰ ਵੱਖ-ਵੱਖ ਮਤ-ਮਤਾਂਤਰਾਂ ਜਿਵੇਂ ਹਿੰਦੂ ਮਤ, ਜੋਗੀਆਂ, ਸਿੱਧਾਂ, ਨਾਥਾਂ ਆਦਿ ਨਾਲ ਸੰਬੰਧਿਤ ਸ਼ਬਦਾਵਲੀ ਮਿਲਦੀ ਹੈ, ਉਸ ਦਾ ਸਰਵੇਖਣ ਪੇਸ਼ ਕੀਤਾ ਜਾਵੇਗਾ। ਇਸ ਦੇ ਨਾਲ ਨਾਲ ਸੰਬੰਧਿਤ ਸ਼ਬਦਾਵਲੀ ਦੀ ਗੁਰਮਤਿ ਦੇ ਪਰਿਪੇਖ ਵਿੱਚ ਹੋਏ ਅਰਥ ਪਰਿਵਰਤਨ ਦੀ ਚਰਚਾ ਵੀ ਕੀਤੀ ਜਾਵੇਗੀ। ਜਿਸ ਤਰ੍ਹਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸ਼ਬਦਾਵਲੀ ਵਿੱਚ ਭਾਰਤੀ ਮਿੱਥਾਂ ਖ਼ਾਸਕਰ ਹਿੰਦੂ ਮਤ, ਇਸਲਾਮ ਮਤ, ਸਿੱਧਾਂ, ਜੋਗੀਆਂ ਆਦਿ ਨਾਲ ਸੰਬੰਧਿਤ ਧਾਰਮਿਕ ਸ਼ਬਦਾਵਲੀ ਦਾ ਵੱਡਾ ਪਸਾਰਾ ਮੌਜੂਦ ਹੈ। ਉਥੇ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਵਿੱਚ ਸਾਨੂੰ ਵਧੇਰੇ ਹਿੰਦੂ ਮਤ ਦੇ ਦੇਵਤਿਆਂ, ਪ੍ਰਸਿੱਧ ਪਾਤਰਾਂ, ਧਾਰਮਿਕ ਕਿਰਿਆਵਾਂ ਅਤੇ ਸਿੱਧਾਂ, ਜੋਗੀਆਂ ਆਦਿ ਨਾਲ ਸੰਬੰਧਿਤ ਸ਼ਬਦਾਵਲੀ ਪ੍ਰਾਪਤ ਹੁੰਦੀ ਹੈ। ਇਸ ਦਾ ਵਧੇਰੇ ਕਾਰਨ ਗੁਰੂ ਤੇਗ ਬਹਾਦਰ ਜੀ ਦੇ ਪੂਰਬੀ ਭਾਰਤ ਦੇ ਪ੍ਰਚਾਰ ਦੌਰੇ ਮੰਨੇ ਜਾਂਦੇ ਹਨ। ਜਿਥੇ ਉਹ ਆਪਣੇ

ਸਿੱਖਾਂ ਸਮੇਤ ਵਧੇਰੇ ਹਿੰਦੂ ਜਨ-ਸਮੂਹ ਨੂੰ ਸੰਬੋਧਿਤ ਰਹੇ। ਇਸ ਸਮੁੱਚੇ ਸੰਦਰਭ ਵਿੱਚ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਵਿਚ ਪ੍ਰਾਪਤ ਵਿਭਿੰਨ ਮਤ-ਮਤਾਂਤਰਾਂ ਦੀ ਸ਼ਬਦਾਵਲੀ ਦਾ ਅਰਥ ਪਰਿਵਰਤਨ ਦੇ ਦ੍ਰਿਸ਼ਟੀਕੋਣ ਤੋਂ ਵਿਸ਼ਲੇਸ਼ਣ ਪੇਸ਼ ਕੀਤਾ ਜਾਵੇਗਾ।

## ਅਰਥ-ਪਰਿਵਰਤਨ: ਅਰਥ ਤੇ ਘੇਰਾ

ਜਿਵੇਂ ਕਿ ਦੱਸਿਆ ਜਾ ਚੁਕਾ ਹੈ ਕਿ ਪ੍ਰਸਤੁਤ ਪਰਚੇ ਦੇ ਵਿਸ਼ੇ ਅਨੁਸਾਰ ਅਸੀਂ ਪ੍ਰਾਪਤ ਸ਼ਬਦਾਵਲੀ ਨੂੰ ਅਰਥ ਪਰਿਵਰਤਨ ਦੇ ਪਧਰ 'ਤੇ ਵਿਚਾਰਨ ਦੀ ਕੋਸ਼ਿਸ ਕਰਾਂਗੇ ਪਰ ਸਭ ਤੋਂ ਪਹਿਲਾਂ ਇਹ ਜਾਣਨਾ ਜ਼ਰੂਰੀ ਹੈ ਕਿ 'ਅਰਥ ਪਰਿਵਰਤਨ' ਹੈ ਕੀ? ਅਰਥ ਪਰਿਵਰਤਨ ਭਾਸ਼ਾ ਵਿਗਿਆਨ ਨਾਲ ਸੰਬੰਧਿਤ 'ਅਰਥ ਬੋਧ' ਜਾਂ *'ਅਰਥ ਵਿਗਿਆਨ' ਦੀ ਇਕ ਸ਼ਾਖ ਹੈ। ਜਿਸ ਦੇ ਅਧੀਨ ਇਹ ਮੰਨਿਆ ਜਾਂਦਾ ਹੈ ਕਿ ਸ਼ਬਦਾਂ ਦਾ ਅਰਥ ਕਾਲਾਂਤਰ ਨਾਲ ਅਲੋਪ ਜਾਂਦਾ ਹੈ ਅਤੇ ਸ਼ਬਦ ਬਿਲਕੁਲ ਨਵੀਨ ਅਰਥ ਧਾਰਨ ਕਰ ਲੈਂਦੇ ਹਨ।* [3] *ਇਸ ਅਰਥ-ਪਰਿਵਰਤਨ ਨੂੰ ਅਰਥ-ਸੰਚਾਰ ਦਾ ਨਾਂ ਵੀ ਦਿਤਾ ਜਾਂਦਾ ਹੈ।* [4] ਪਰੰਤੂ ਹਥਲੇ ਪਰਚੇ ਵਿੱਚ ਅਸੀਂ ਅਰਥ ਪਰਿਵਰਤਨ ਤੋਂ ਭਾਵ ਅਰਥ ਵਿਸਥਾਰ ਵਿੱਚ ਹੋਏ ਪਰਿਵਰਤਨ ਤੋਂ ਲੈ ਰਹੇ ਹਾਂ। ਦੂਜੇ ਸ਼ਬਦਾਂ ਵਿੱਚ ਅਸੀਂ ਗੁਰੂ ਤੇਗ ਬਹਾਦਰ ਜੀ ਬਾਣੀ ਵਿੱਚ ਮਿਲਦੀ ਅਨਮਤੀ ਸ਼ਬਦਾਵਲੀ ਦੇ ਗੁਰਮਤਿ ਅਨੁਸਾਰੀ ਹੋਏ ਅਰਥ ਪਰਿਵਰਤਨ ਨੂੰ ਦਰਸ਼ਨ ਦੇ ਪਖ ਤੋਂ ਸਮਝਣ ਦਾ ਜਤਨ ਕਰਾਂਗੇ।

ਵੱਖ-ਵੱਖ ਮਤਾਂ ਅਥਵਾ ਧਰਮਾਂ ਨਾਲ ਸੰਬੰਧਿਤ ਸ਼ਬਦਾਵਲੀ ਦੀ ਪੜਚੋਲ ਕਰਨ ਤੋਂ ਪਹਿਲਾਂ ਇਥੇ ਇਹ ਸਪੱਸ਼ਟ ਕਰਨਾ ਜ਼ਰੂਰੀ ਹੈ ਕਿ ਗੁਰਬਾਣੀ ਵਿਭਿੰਨ ਅਕੀਦਿਆਂ ਦੇ ਇਤਿਹਾਸਿਕ/ਮਿਥਿਹਾਸਿਕ ਪਾਤਰਾਂ ਦੀ ਗੱਲ ਕਿਉਂ ਕਰਦੀ ਹੈ? ਦਰਅਸਲ ਗੁਰਬਾਣੀ ਇਸ ਪ੍ਰਕਾਰ ਦੀ ਸ਼ਬਦਾਵਲੀ ਰਾਹੀਂ ਇਨ੍ਹਾਂ ਪਾਤਰਾਂ ਜਾਂ ਕਿਸੇ ਵੀ ਧਰਮ ਦੇ ਰੀਤੀ-ਰਿਵਾਜਾਂ 'ਤੇ ਕਿਸੇ ਵੀ ਪ੍ਰਕਾਰ ਦੀ ਪ੍ਰਮਾਣਿਕਤਾ ਜਾਂ ਪ੍ਰਵਾਨਗੀ ਦੀ ਮੋਹਰ ਨਹੀਂ ਲਗਾਉਂਦੀ ਅਤੇ ਨਾ ਹੀ ਕਿਸੇ ਵੀ ਧਰਮ ਨੂੰ ਕੋਈ ਨੀਵਾਂ ਦਿਖਾਉਣ ਦੀ ਗੱਲ ਕਰਦੀ ਹੈ। ਸਗੋਂ ਗੁਰੂ ਸਾਹਿਬਾਨ ਤਾਂ "ਸਭੇ ਸਾਝੀਵਾਲ ਸਦਾਇਨਿ ਤੂੰ ਕਿਸੈ ਨ ਦਿਸਹਿ ਬਾਹਰਾ ਜੀਉ॥"(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰ. 97) ਜਿਹੀਆਂ ਸਿੱਖਿਆਵਾਂ ਦੇ ਧਾਰਨੀ ਰਹੇ ਹਨ। ਮੁੱਢਲਾ ਕਾਰਨ ਇਹੀ ਹੈ ਕਿ ਸੰਬੰਧਿਤ ਸ਼ਬਦਾਵਲੀ ਸਿਰਫ਼ ਦ੍ਰਿਸ਼ਟਾਂਤ ਵਜੋਂ ਸ਼ਾਮਿਲ ਮਿਲਦੀ ਹੈ। ਦੂਜਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਬਾਣੀਕਾਰ ਉਸ ਸਮੇਂ ਦੇ ਸਮਾਜ ਵਿੱਚ ਧਰਮ ਦੀ ਆੜ ਵਿੱਚ ਹੋ ਰਹੀਆਂ ਲੁਟ-ਖਸੁਟਾਂ ਤੇ ਕਟਾਖਸ਼ ਕਰਦੇ ਬੜੀ ਦ੍ਰਿੜ੍ਹਤਾ ਤੇ ਦਲੀਲ ਸਹਿਤ ਉਸ ਬੁਰਿਆਈ ਪ੍ਰਤੀ ਅਵਾਜ਼ ਬੁਲੰਦ ਕਰਨ ਦੀ ਪਹਿਲ ਕਰਦੇ ਹਨ ਅਤੇ ਇਸ ਕ੍ਰਾਂਤੀਕਾਰੀ ਵਿਚਾਰਧਾਰਾ ਕਰਕੇ ਸਿੱਖ ਧਰਮ ਦੀ ਵਿਲੱਖਣਤਾ ਸੁਤੇਸਿਧ ਪ੍ਰਗਟ ਹੁੰਦੀ ਹੈ। ਸੋ, ਇਹ ਚੇਤੇ ਰਖਣ ਯੋਗ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਅਨਮਤੀ ਸ਼ਬਦਾਵਲੀ ਜਾਂ ਪ੍ਰਕਰਣਾਂ ਦਾ ਉਦੇਸ਼ ਕੇਵਲ ਗੁਰਮਤਿ ਦੇ ਸਿੱਧਾਂਤਾਂ ਨੂੰ ਦ੍ਰਿੜ੍ਹ ਕਰਵਾਉਣ ਲਈ ਹੈ।

## ਹਿੰਦੂ ਮਤ ਨਾਲ ਸੰਬੰਧਿਤ ਸ਼ਬਦਾਵਲੀ

ਗੁਰੂ ਤੇਗ ਬਹਾਦਰ ਬਾਣੀ ਵਿੱਚ ਹਿੰਦੂ ਮਤ ਦੇ ਗ੍ਰੰਥ ਵੇਦ, ਪੁਰਾਣ ਤੇ ਸਿਮ੍ਰਤੀਆਂ ਦਾ ਜ਼ਿਕਰ 'ਧਾਰਮਿਕ ਪੁਸਤਕਾਂ' ਦੇ ਅਰਥਾਂ ਵਿੱਚ ਹੋਇਆ ਹੈ। ਗੁਰੂ ਤੇਗ ਬਹਾਦਰ ਜੀ ਫੁਰਮਾਉਂਦੇ ਹਨ ਕਿ ਧਾਰਮਿਕ ਪੁਸਤਕਾਂ ਦਾ ਉਪਦੇਸ਼ ਸੁਣ ਕੇ ਵੀ ਮਨੁੱਖੀ ਮਨ ਪਰਮਾਤਮਾ ਦਾ ਨਾਮ ਹਿਰਦੇ ਵਿੱਚ ਨਹੀਂ ਵਸਾਉਂਦਾ ਸਗੋਂ ਧਾਰਮਿਕ ਪੁਸਤਕਾਂ ਪੜ੍ਹਣ ਦਾ ਇਹ ਗੁਣ ਹੋਣਾ ਚਾਹੀਦਾ ਹੈ ਕਿ ਮਨੁੱਖ ਪਰਮਾਤਮਾ ਦੇ ਨਾਮ ਦਾ ਸਿਮਰਨ ਕਰੇ:

*ਬੇਦ ਪੁਰਾਨ ਸਿਮ੍ਰਿਤਿ ਕੇ ਮਤ ਸੁਨਿ ਨਿਮਖ ਨ ਹੀਏ ਬਸਾਵੈ॥*

*(ਸੋਰਠਿ, ਮਃ ੯, ਪੰ. 632)*

*ਬੇਦ ਪੁਰਾਨ ਪੜੇ ਕੋ ਇਹ ਗੁਨ ਸਿਮਰੇ ਹਰਿ ਕੋ ਨਾਮਾ॥*

*(ਗਉੜੀ, ਮਃ ੯, ਪੰ. 220)*

ਪ੍ਰਾਚੀਨ ਭਾਰਤ ਵਿੱਚ ਵੈਦਿਕ ਯੁਗ ਉਪਰੰਤ ਪੁਰਾਣਾਂ ਉਪਰ ਅਧਾਰਿਤ ਹਿੰਦੂ ਵਿਚਾਰਧਾਰਾ ਪੌਰਾਣਿਕ ਕਥਾਵਾਂ ਨਾਲ ਵਧੀ ਫੁਲੀ। ਪੁਰਾਣ ਕਥਾਵਾਂ ਦੇ ਪਾਤਰ ਲੋਕ ਮਨਾਂ ਵਿੱਚ ਸਦੀਆਂ ਤੋਂ ਵਸੇ ਹੋਏ ਸਨ। ਗੁਰਬਾਣੀ ਵਿੱਚ ਜਿਥੋਂ ਤਕ ਪੌਰਾਣਿਕ ਹਵਾਲਿਆਂ ਦੀ ਗੱਲ ਹੈ ਤਾਂ ਉਸ ਸੰਬੰਧੀ ਇਹ ਕਿਹਾ ਜਾ ਸਕਦਾ ਹੈ ਕਿ ਉਨ੍ਹਾਂ ਪ੍ਰਮਾਣਾਂ ਦੁਆਰਾ ਦਿਤੀ ਸਿੱਖਿਆ ਮਨੁੱਖੀ ਮਨ ਨੂੰ ਜਲਦੀ ਸਮਝ ਪੈਂਦੀ ਹੈ, ਜਿਨ੍ਹਾਂ ਦੇ ਅਕਸ ਮਨੁੱਖੀ ਮਨ ਵਿੱਚ ਪਹਿਲਾਂ ਵਸ ਚੁਕੇ ਹੁੰਦੇ ਹਨ। ਗੁਰਬਾਣੀ ਵਿੱਚ ਮਿਲਦੇ ਅਜਿਹੇ ਹਵਾਲਿਆਂ ਬਾਬਤ ਡਾ. ਕਾਲਾ ਸਿੰਘ ਬੇਦੀ ਲਿਖਦੇ ਹਨ, *"ਵਿਦਵਾਨਾਂ ਦਾ ਵਿਚਾਰ ਹੈ ਕਿ ਮਹਾਨ ਕਵੀ ਕਦੀ ਕਦੀ ਆਪਣੇ ਆਸ਼ਿਆਂ ਨੂੰ ਮਿਥਿਹਾਸ ਤੇ ਇਤਿਹਾਸ ਵਿੱਚੋਂ ਮਸ਼ਹੂਰ ਘਟਨਾਵਾਂ ਨੂੰ ਪੇਸ਼ ਕਰਕੇ ਆਪਣੇ ਮੰਤਵ ਨੂੰ ਸਪੱਸ਼ਟ ਕਰਦਾ ਹੈ...। ਸਤਿਗੁਰੂ ਇਸ ਕਲਾ ਵਿੱਚ ਪ੍ਰਬੀਨ ਅਤੇ ਬਹੁਤ ਹੀ ਉੱਚ ਕੋਟੀ ਦੇ ਮਹਾਨ ਕਵੀ ਸਾਬਤ ਹੋਏ ਹਨ।"* [5] ਗੁਰੂ ਤੇਗ ਬਹਾਦਰ ਜੀ ਦੀ ਬਾਣੀ ਵਿੱਚ ਸਾਨੂੰ ਪ੍ਰਮੁਖ ਰੂਪ 'ਚ ਹਿੰਦੂ ਇਤਿਹਾਸਕ/ਮਿਥਿਹਾਸਕ ਪ੍ਰਤੀਕਾਂ ਵਜੋਂ ਅਜਾਮਲ, ਕਨਾਈ (ਕ੍ਰਿਸ਼ਨ), ਗਜ (ਗਜਰਾਜ), ਗਨਕਾ, ਧ੍ਰੂਅ, ਨਾਰਦ, ਪੰਚਾਲੀ (ਦ੍ਰੋਪਤੀ), ਰਾਮ ਚੰਦਰ, ਰਾਵਨ, ਆਦਿਕ ਨਾਵਾਂ ਦਾ ਜ਼ਿਕਰ ਮਿਲਦਾ ਹੈ ਅਤੇ ਇਸੇ ਤਰ੍ਹਾਂ ਵੱਖ-ਵੱਖ ਹਿੰਦੂ ਧਰਮ ਦੀਆਂ ਧਾਰਮਿਕ ਕਿਰਿਆਵਾਂ ਜਿਵੇਂ ਤੀਰਥ, ਵਰਤ, ਜਪ ਤਪ ਆਦਿ ਨਾਲ ਸੰਬੰਧਿਤ ਸ਼ਬਦਾਵਲੀ ਹੇਠ ਲਿਖੇ ਪ੍ਰਸੰਗਾਂ ਅਨੁਸਾਰ ਮਿਲਦੀ ਹੈ, ਜਿਨ੍ਹਾਂ ਦਾ ਵਿਸਤ੍ਰਿਤ ਵੇਰਵਾ ਇਸ ਪ੍ਰਕਾਰ ਹੈ:

ਅਜਾਮਲ: ਇਹ ਕਨੌਜ ਦਾ ਇਕ ਬ੍ਰਾਹਮਣ ਜੋ ਪਹਿਲਾਂ ਧਰਮ ਕਰਮ ਵਿੱਚ ਰੁਚੀ ਰਖਦਾ ਸੀ। ਪਰ ਮਗਰੋਂ ਧਰਮ ਦਾ ਤਿਆਗ ਕਰਕੇ ਇਕ ਵੇਸਵਾ ਉਪਰ ਮੋਹਿਤ ਹੋ ਗਿਆ ਅਤੇ ਮਾਤਾ-ਪਿਤਾ ਤੇ ਪਤਨੀ ਦਾ ਤਿਆਗ ਕਰ ਇਕ ਵੇਸਵਾ ਨਾਲ ਰਹਿਣ ਲਗ ਪਿਆ। ਇਸ ਦੇ ਦਸ ਪੁਤਰ ਪੈਦਾ ਹੋਏ ਤੇ ਕਿਸੇ ਮਹਾਂਪੁਰਸ਼ ਦੇ ਕਹਿਣ ਉਤੇ, ਇਸ ਨੇ ਦਸਵੇਂ ਪੁਤਰ ਦਾ ਨਾਂ ਨਾਰਾਇਣ ਰਖਿਆ ਸੀ ਤੇ ਅੰਤਿਮ ਸਮੇਂ ਪੁਤਰ ਦਾ ਨਾਂ ਪੁਕਾਰਦੇ ਪੁਕਾਰਦੇ ਮੁਕਤ ਹੋ ਗਿਆ। ਗੁਰੂ ਤੇਗ ਬਹਾਦਰ ਜੀ ਦੀ ਬਾਣੀ ਵਿੱਚ ਅਜਾਮਲ ਦਾ ਹਵਾਲਾ ਕੁਲ ਚਾਰ ਵਾਰ ਅਤੇ ਦੋ ਸ਼ਬਦ ਰੂਪਾਂ ਵਿੱਚ ਆਇਆ ਹੈ: ਅਜਾਮਲ (1) ਤੇ ਅਜਾਮਲੁ (3)। ਗੁਰੂ ਸਾਹਿਬ ਪਰਮਾਤਮਾ ਦੇ ਨਾਮ ਦੀ ਵਡਿਆਈ ਦਰਸਾਉਂਦੇ ਹਨ ਕਿ ਉਹ ਪਾਪ ਹਰਤਾ ਹੈ। ਉਹੀ ਅਤਿ ਪਾਪੀਆਂ ਨੂੰ ਬਖ਼ਸ਼ਹਾਰ ਹੈ। ਅਜਾਮਲ ਜੋ ਲੋਕਾਂ ਵਿੱਚ ਪਾਪ ਦਾ ਦੂਜਾ ਨਾਂ ਸੀ ਪਰ ਅੰਤ ਕਾਲ ਵਿੱਚ ਪਰਮਾਤਮਾ ਦੇ ਨਾਮ ਦੀ ਸੋਝੀ ਹੋਣ ਕਰਕੇ ਮੁਕਤ ਹੋ ਗਿਆ। ਸੋ ਗੁਰੂ ਤੇਗ ਬਹਾਦਰ ਬਾਣੀ ਵਿੱਚ ਅਜਾਮਲ ਦਾ ਬਿੰਬ ਜਾਂ ਅਰਥ ਅਜਾਮਲ ਪਾਪੀ ਤੋਂ ਅਜਾਮਲ ਨਾਮੀ (ਰੱਬੀ ਨਾਮ ਜਪਣ ਵਾਲਾ) ਦੇ ਰੂਪ ਵਿੱਚ ਪਰਵਰਤਿਤ ਹੁੰਦਾ

ਹੈ:

*ਅਜਾਮਲੁ ਪਾਪੀ ਜਗੁ ਜਾਨੇ ਨਿਮਖ ਮਾਹਿ ਨਿਸਤਾਰਾ॥*

*(ਸੋਰਠਿ, ਮਃ ੯, ਪੰ. 632)*

*ਅਜਾਮਲ ਕਉ ਅੰਤ ਕਾਲ ਮਹਿ ਨਾਰਾਇਨ ਸੁਧਿ ਆਈ॥*

*(ਰਾਮਕਲੀ, ਮਃ ੯, ਪੰ. 902)*

ਕਨ੍ਹਾਈ: ਹਿੰਦੂ ਮਤ ਵਿੱਚ ਕਨ੍ਹਾਈ ਅਥਵਾ ਕਾਨਾ ਸ਼ਬਦ ਸ੍ਰੀ ਕ੍ਰਿਸ਼ਨ ਲਈ ਵਰਤਿਆ ਜਾਂਦਾ ਹੈ ਜੋ ਕਿ ਹਿੰਦੂ ਧਰਮ ਦੇ ਪ੍ਰਸਿੱਧ ਅਵਤਾਰ ਮੰਨੇ ਜਾਂਦੇ ਹਨ। ਪਰੰਤੂ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਵਿੱਚ ਕਨ੍ਹਾਈ ਸ਼ਬਦ ਕੇਵਲ ਇਕ ਵਾਹਿਗੁਰੂ ਦਾ ਲਖਾਇਕ ਹੈ। ਸਿੱਖ ਮਤ ਵਿੱਚ ਮੂਰਤੀ ਜਾਂ ਦੇਵ ਪੂਜਾ ਦਾ ਕੋਈ ਸਥਾਨ ਨਹੀਂ ਹੈ ਇਸ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਕਨ੍ਹਾਈ ਸ਼ਬਦ ਦਾ ਅਰਥ ਪਰਿਵਰਤਿਤ ਹੋ ਗਿਆ ਹੈ ਅਤੇ ਕਨ੍ਹਾਈ ਪਦ ਅਕਾਲ ਪੁਰਖ ਦਾ ਵਾਚਕ ਬਣ ਗਿਆ ਹੈ। ਗੁਰੂ ਤੇਗ ਬਹਾਦਰ ਜੀ ਮਨੁਖਾ ਜੀਵਨ ਦੀ ਅਹਿਮੀਅਤ ਨੂੰ ਦ੍ਰਿੜ੍ਹ ਕਰਵਾਉਂਦੇ ਹਨ:

*ਸਗਲ ਜਨਮੁ ਬਿਖਿਅਨ ਸਿਉ ਖੋਇਆ ਸਿਮਰਿਓ ਨਾਹਿ ਕਨ੍ਹਾਈ॥*

*(ਮਾਰੂ, ਮਃ ੯, ਪੰ. 1008)*

ਅਰਥਾਤ ਮਨੁੱਖ ਨੇ ਵਿਸ਼ਿਆਂ ਵਿਕਾਰਾਂ ਵਿੱਚ ਫਸ ਕੇ ਸਾਰਾ ਹੀ ਜੀਵਨ ਅਜਾਈਂ ਗੁਆ ਲਿਆ ਅਤੇ ਅਕਾਲ ਪੁਰਖ ਦੇ ਸਿਮਰਨ ਵਿੱਚ ਚਿਤ ਹੀ ਨਹੀਂ ਜੋੜਿਆ। ਗੁਰਬਾਣੀ ਅਨੁਸਾਰ ਮਨੁਖਾ ਜੀਵਨ ਪ੍ਰਮਾਤਮਾ ਨੂੰ ਮਿਲਣ ਦੀ ਵਾਰੀ/ਮੌਕਾ ਹੈ। ਜੇਕਰ ਜੀਵ ਇਥੋਂ ਖੁੰਝ ਗਿਆ ਤਾਂ ਅਗੇ ਚੁਰਾਸੀ ਦਾ ਗੇੜ ਹੈ।

ਗਜ: ਭਾਈ ਕਾਨ੍ਹ ਸਿੰਘ ਅਨੁਸਾਰ, *ਗਜ ਇਕ ਗੰਧਰਵ (ਦੇਵਲੋਕ ਦਾ ਗਵੈਯਾ ਸੀ), ਜੋ ਦੇਵਲ ਰਿਖੀ ਦੇ ਸਰਾਪ ਨਾਲ ਹਾਥੀ ਬਣ ਗਿਆ। ਇਸ ਨੂੰ ਵਰੁਣ ਦੇ ਤਲਾਉ ਵਿੱਚ ਇਕ ਤੇਂਦੂਏ ਨੇ ਗ੍ਰਸ ਲਿਆ। ਜਦੋਂ ਇਹ ਡੁਬਣ ਲਗਾ ਤਾਂ ਇਸ ਨੇ ਪਰਮਾਤਮਾ ਕੋਲ ਅਰਦਾਸ ਕੀਤੀ ਅਤੇ ਇਸ ਦਾ ਛੁਟਕਾਰਾ ਹੋ ਗਿਆ।* [6] ਗੁਰੂ ਤੇਗ ਬਹਾਦਰ ਬਾਣੀ ਵਿੱਚ ਇਸ ਗਜ ਦਾ ਪ੍ਰਮਾਣ ਚਾਰ ਵਾਰ ਆਇਆ ਹੈ। ਇਥੇ ਗਜ (ਹਾਥੀ), ਜੀਵ ਦੀ ਬਲਵਾਨੀਅਤ ਦਾ ਪ੍ਰਤੀਕ ਹੈ ਪਰ ਜਦੋਂ ਉਸ ਨੂੰ ਕਾਲ (ਮੌਤ) ਰੂਪ ਤੇਂਦੂਆ ਗ੍ਰਸਦਾ ਹੈ ਤਾਂ ਉਸ ਵੇਲੇ ਵੀ ਜੇਕਰ ਜੀਵ ਨੂੰ ਪਰਮਾਤਮਾ ਦਾ ਨਾਮ ਚੇਤੇ ਆ ਜਾਵੇ ਤਾਂ ਉਸ ਦਾ ਉਧਾਰ ਹੋ ਜਾਂਦਾ ਹੈ। ਦੂਸਰੇ ਸ਼ਬਦਾਂ ਵਿੱਚ ਮਨੁੱਖ ਕੋਲ ਜਦੋਂ ਤਾਕਤ ਹੁੰਦਿਆਂ ਵੀ ਉਹ ਕਿਸੇ ਮੁਸੀਬਤ ਵਿੱਚ ਫਸ ਜਾਵੇ ਤਾਂ ਉਸ ਵੇਲੇ ਵੀ ਪਰਮਾਤਮਾ ਦਾ ਨਾਮ ਯਾਦ ਕੀਤਿਆਂ ਔਕੁੜਾਂ/ਬੰਧਨਾਂ ਤੋਂ ਨਿਰਸੰਦੇਹ ਛੁਟਕਾਰਾ ਹੋ ਜਾਂਦਾ ਹੈ:

*ਗਜ ਕੋ ਤ੍ਰਾਸੁ ਮਿਟਿਓ ਜਿਹ ਸਿਮਰਤ ਤੁਮ ਕਾਹੇ ਬਿਸਰਾਵਉ॥*

*(ਗਉੜੀ, ਮਃ ੯, ਪੰ. 219)*

*ਜਬ ਹੀ ਸਰਨਿ ਗਹੀ ਕਿਰਪਾ ਨਿਧਿ ਗਜ ਗਰਾਹ ਤੇ ਛੂਟਾ॥*

*(ਸੋਰਠਿ, ਮਃ ੯, ਪੰ. 632)*

*ਗਜ ਕੀ ਤ੍ਰਾਸ ਮਿਟੀ ਛਿਨਹੂ ਮਹਿ ਜਬ ਹੀ ਰਾਮੁ ਬਖਾਨੋ॥*

*(ਬਿਲਾਵਲੁ, ਮਃ ੯, ਪੰ. 830)*

*ਕਹੁ ਨਾਨਕ ਅਬ ਓਟ ਹਰਿ ਗਜ ਜਿਉ ਹੋਹੁ ਸਹਾਇ॥*

*(ਸਲੋਕ, ਮਃ ੯, ਪੰ. 1429)*

ਗਨਕਾ: *ਪੁਰਾਣ ਕਥਾ ਅਨੁਸਾਰ ਇਹ ਇਕ ਵੇਸਵਾ ਸੀ। ਜਿਸ ਨੂੰ ਇਕ ਸਾਧੂ ਨੇ ਪਾਲਤੂ ਤੋਤਾ ਦੇ ਕੇ ਰਾਮ-ਨਾਮ ਦੇ ਅਭਿਆਸ ਦੀ ਚੇਟਕ ਲਾਈ। ਜਿਸ ਕਰਕੇ ਇਸ ਦਾ ਉਧਾਰ ਹੋਇਆ।* [7] ਗੁਰੂ ਤੇਗ ਬਹਾਦਰ ਬਾਣੀ ਵਿੱਚ ਗਨਕਾ ਦਾ ਹਵਾਲਾ ਕੁਲ ਤਿੰਨ ਵਾਰ ਦੋ ਸ਼ਬਦ ਰੂਪਾਂ ਵਿੱਚ ਗਨਕਾ (1) ਗਨਿਕਾ (2) ਵਿੱਚ ਆਇਆ ਹੈ। ਜਿਥੇ ਗਨਕਾ ਪਦ ਸਮਾਜਿਕ ਤ੍ਰਿਸਕਾਰ ਤੇ ਵਿਕਾਰ ਗ੍ਰਸਤ ਰੁਤਬੇ ਤੋਂ ਉਪਰ ਉਠ ਪ੍ਰਭੂ ਬੰਦਗੀ ਵਿੱਚ ਪਰਵਰਤਿਤ ਹੋਣ ਦਾ ਪ੍ਰਤੀਕ ਹੈ ਉਥੇ ਗੁਰੂ ਤੇਗ ਬਹਾਦਰ ਜੀ ਗਨਕਾ ਦੇ ਪ੍ਰਮਾਣ ਰਾਹੀਂ ਜੀਵ ਨੂੰ ਪ੍ਰਭੂ ਸਿਮਰਨ ਦੇ ਅਭਿਆਸ ਦੀ ਪ੍ਰੇਰਨਾ ਦਿੰਦੇ ਹਨ, ਕਿ ਜਿਵੇਂ ਗਨਕਾ ਨੇ ਪ੍ਰਭੂ ਨਾਮ ਤੋਂ ਅਣਜਾਣ ਨੇ ਆਪਣਾ ਸਾਰਾ ਜੀਵਨ ਵਿਕਾਰਾਂ ਵਿੱਚ ਗੁਜਾਰਿਆ ਉਥੇ ਧਰਮੀ ਪੁਰਸ਼ ਦੀ ਸੰਗਤ ਤੇ ਸਿੱਖਿਆ ਨੇ ਉਸ ਦਾ ਜੀਵਨ ਹੀ ਬਦਲ ਦਿਤਾ ਤੇ ਅੰਤ ਹਰੀ ਸਿਮਰਨ ਕਰਦਿਆਂ ਉਧਾਰ ਹੋਇਆ:

*ਜਿਹ ਸਿਮਰਤ ਗਨਕਾ ਸੀ ਉਧਰੀ ਤਾ ਕੋ ਜਸੁ ਉਰ ਧਾਰੋ॥*

*(ਸੋਰਠਿ, ਮਃ ੯, ਪੰ. 632)*

ਜਪੁ ਤਪੁ: ਹਿੰਦੂ ਧਰਮ ਵਿੱਚ ਜਪ ਤੋਂ ਸਰਲ ਭਾਵ ਹੈ ਮੰਤ੍ਰ ਪਾਠ। ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ, *ਸੰਸਕ੍ਰਿਤ ਗ੍ਰੰਥਾਂ ਵਿੱਚ ਜਪ ਤਿੰਨ ਪ੍ਰਕਾਰ ਦੇ ਮੰਨੇ ਗਏ ਹਨ- 1. ਵਾਚਿਕ- ਉਹ ਜਪ ਜੋ ਸਪੱਸ਼ਟ ਅੱਖਰਾਂ ਵਿੱਚ ਕੀਤਾ ਜਾਵੇ ਤੇ ਸ੍ਰੋਤਾ ਉਸ ਨੂੰ ਸੁਣ ਕੇ ਸਮਝ ਸਕੇ 2. ਉਪਾਂਸੁ- ਜਿਹੜਾ ਜਪ ਹੋਠਾਂ ਅੰਦਰ ਧੀਮੀ ਆਵਾਜ਼ ਵਿੱਚ ਕੀਤਾ ਜਾਵੇ ਜਿਸ ਨੂੰ ਕੋਈ ਨੇੜੇ ਬੈਠਾ ਵਿਅਕਤੀ ਸੁਣ ਨਾ ਸਕੇ 3. ਮਾਨਸ- ਅਜਿਹਾ ਜਾਪ ਜੋ ਮਨ ਦੇ ਚਿੰਤਨ ਤੋਂ ਕੀਤਾ ਜਾਵੇ।* [8] ਹਿੰਦੂ ਧਰਮ ਕੋਸ਼ ਅਨੁਸਾਰ, *ਤਪ ਸ਼ਬਦ ਤੋਂ ਭਾਵ ਹੈ ਆਤਮ ਸ਼ੁਧੀ ਲਈ ਤਪਸਿਆ ਕਰਨਾ, ਕਸ਼ਟ ਸਹਿਣ ਕਰਨੇ। ਤਪ ਦੇ ਵੀ ਤਿੰਨ ਪ੍ਰਕਾਰ ਮੰਨੇ ਗਏ ਹਨ: ਮਾਨਸਿਕ, ਵਾਚਿਕ ਤੇ ਸਰੀਰਿਕ।* [9] ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਵਿੱਚ 'ਜਪੁ ਤਪੁ' ਸਮਾਸੀ ਪਦ ਕਠਿਨ ਧਾਰਮਿਕ ਨੇਮਾਂ ਦੀ ਪਾਲਨਾ ਦੇ ਅਰਥਾਂ ਵਿੱਚ ਆਇਆ ਹੈ। ਗੁਰੂ ਜੀ ਫੁਰਮਾਉਂਦੇ ਹਨ ਮੌਤ ਦੇ ਡਰ ਤੋਂ ਮੁਕਤ ਹੋਣ ਲਈ ਪਰਮਾਤਮਾ ਦੀ ਸ਼ਰਨ ਵਿੱਚ ਜੀਵ ਲਈ ਇਹ ਬੇਨਤੀ ਸਹਾਈ ਹੈ ਕਿ ਹੇ ਪਰਮਾਤਮਾ! ਮੈਂ ਕੁਝ ਜਪ ਤਪ ਕਠਨ ਕਰਮ ਨਹੀਂ ਕੀਤੇ ਅਤੇ ਨਾ ਹੀ ਹੁਣ ਵੀ ਮੈਂ ਕੋਈ ਕਰਮ ਕਰ ਸਕਦਾ ਹਾਂ। ਮੈਂ ਤਾਂ ਹਾਰ ਕੇ ਤੇਰੀ ਸ਼ਰਨ ਵਿੱਚ ਪੈ ਗਿਆ ਹਾਂ ਕਿ ਮੈਨੂੰ ਭੈ-ਰਹਿਤ (ਮੁਕਤ) ਹੋਣ ਦਾ ਦਾਨ ਦੇਵੋ:

*ਨਾਹਿਨ ਗੁਨੁ ਨਾਹਿਨ ਕਛੁ ਜਪੁ ਤਪੁ ਕਉਨੁ ਕਰਮੁ ਅਬ ਕੀਜੈ॥*
*ਨਾਨਕ ਹਾਰਿ ਪਰਿਓ ਸਰਨਾਗਤਿ ਅਭੈ ਦਾਨੁ ਪ੍ਰਭ ਦੀਜੈ॥*

*(ਜੈਤਸਰੀ, ਮਃ ੯, ਪੰ. 703)*

ਜਤੀ ਤਪੀ: ਹਿੰਦੂ ਮਤ ਵਿੱਚ ਇੰਦ੍ਰੀਆਂ ਉਪਰ ਕਾਬੂ ਰੱਖਣ ਵਾਲੇ ਪੁਰਸ਼ ਨੂੰ ਜਤੀ ਆਖਦੇ ਹਨ ਅਤੇ ਪ੍ਰਸਿੱਧ ਛੇ ਜਤੀ ਮੰਨੇ ਗਏ ਹਨ- ਭੈਰੋਂ, ਹਨੂੰਮਾਨ, ਲਛਮਣ, ਗੋਰਖ, ਭੀਸ਼ਮ ਤੇ ਦਤ। ਇਸੇ ਤਰ੍ਹਾਂ ਤਪ ਅਭਿਆਸ ਕਰਨ ਵਾਲੇ ਨੂੰ ਤਪੀ ਦੀ ਸੰਗਿਆ ਦਿਤੀ ਜਾਂਦੀ ਹੈ। ਗੁਰੂ ਤੇਗ ਬਹਾਦਰ ਜੀ ਦੀ ਬਾਣੀ ਵਿੱਚ ਜਤੀ ਤਪੀ ਦਾ

ਭਾਵ ਧਰਮ ਦੀਆਂ ਕਠਿਨ ਸਾਧਨਾ ਕਰਨ ਵਾਲੇ ਸਾਧਕਾਂ ਤੋਂ ਲਿਆ ਗਿਆ ਹੈ। ਗੁਰੂ ਜੀ ਅਨੁਸਾਰ ਪਰਮਾਤਮਾ ਦੀ ਲੀਲਾ ਨੂੰ ਕੋਈ ਨਹੀਂ ਜਾਣ ਸਕਦਾ ਅਨੇਕਾਂ ਕਠਨ ਧਾਰਮਿਕ ਸਾਧਨਾ ਕਰਨ ਵਾਲੇ ਸਾਧਕ ਖਪ ਖਪ ਕੇ ਹਾਰ ਗਏ ਹਨ:

*ਹਰਿ ਕੀ ਗਤਿ ਨਹਿ ਕੋਊ ਜਾਨੈ।।*
*ਜੋਗੀ ਜਤੀ ਤਪੀ ਪਚਿ ਹਾਰੇ ਅਰੁ ਬਹੁ ਲੋਗ ਸਿਆਨੇ।।*

*(ਬਿਹਾਗੜਾ, ਮ: ੯, ਪੰ. 537)*

ਤੀਰਥ: ਹਿੰਦੂ ਮਾਨਤਾ ਅਨੁਸਾਰ, *ਅਠਾਹਠ ਤੀਰਥਾਂ ਦੇ ਇਸ਼ਨਾਨ ਨੂੰ ਮੁਕਤੀ-ਦਾਇਕ ਮੰਨਿਆ ਗਿਆ ਹੈ। ਦਰਅਸਲ ਇਹ ਤੀਰਥ ਪੁਰਾਣੇ ਜ਼ਮਾਨੇ ਦੇ ਧਰਮ-ਕੇਂਦਰ ਸਨ, ਜਿਥੇ ਜਾ ਕੇ ਯਾਤਰੂ ਇਸ਼ਨਾਨ ਕਰਦੇ ਤੇ ਪੁੰਨ ਕਰਕੇ ਆਪਣੀ ਆਤਮਾ ਨੂੰ ਪਵਿੱਤਰ ਕਰਦੇ ਸਨ।* [10] ਸੰਸਾਰ ਦੇ ਲਗਭਗ ਸਾਰੇ ਹੀ ਮਤਾਂ ਵਿੱਚ ਤੀਰਥ ਯਾਤਰਾ ਜਾਂ ਤੀਰਥ ਇਸ਼ਨਾਨ ਦੀ ਬਹੁਤ ਮਹੱਤਤਾ ਹੈ। ਸਭ ਧਰਮਾਂ ਨੇ ਆਪਣੀ-ਆਪਣੀ ਸੋਚ ਮੁਤਾਬਕ ਤੀਰਥ ਅਸਥਾਨ ਸਥਾਪਿਤ ਕੀਤੇ ਹਨ। ਮਹਾਨ ਕੋਸ਼ ਅਨੁਸਾਰ ਤੀਰਥ ਤੋਂ ਭਾਵ ਹੈ *"ਜਿਸ ਦੁਆਰਾ ਪਾਪ ਤੋਂ ਬਚ ਜਾਈਏ ਪਵਿਤ੍ਰ ਅਸਥਾਨ।"* [11] ਗੁਰੂ ਤੇਗ ਬਹਾਦਰ ਬਾਣੀ ਵਿੱਚ 'ਤੀਰਥ' ਸ਼ਬਦ ਚਾਰ ਵਾਰ ਧਾਰਮਿਕ ਸਥਾਨਾਂ ਦੀ ਯਾਤਰਾ ਦੇ ਅਰਥਾਂ ਵਿੱਚ ਆਇਆ ਹੈ। ਗੁਰੂ ਸਾਹਿਬ ਅਨੁਸਾਰ ਪਰਮਾਤਮਾ ਦੀ ਸ਼ਰਨ ਵਿੱਚ ਹੀ ਸਭ ਧਾਰਮਿਕ ਸਥਾਨਾਂ ਦੇ ਇਸ਼ਨਾਨ ਦਾ ਫਲ ਮੌਜੂਦ ਹੈ ਅਤੇ ਇਸ ਲਈ ਹਿਰਦੇ ਨੂੰ ਪਰਮਾਤਮਾ ਦੀ ਸ਼ਰਨ ਵਿੱਚ ਟਿਕਾਉਣ ਦੀ ਲੋੜ ਹੈ। ਜੇਕਰ ਤੀਰਥ ਇਸ਼ਨਾਨ, ਭੁਖੇ ਰਹਿਣ ਤੇ ਦਾਨ ਕਰਨ ਨਾਲ ਮਨ ਅੰਦਰਲਾ ਹੰਕਾਰ ਹੀ ਦੂਰ ਨਾ ਹੋਇਆ ਤਾਂ ਅਜਿਹੇ ਬਿਖਮ ਜਤਨਾਂ ਦਾ ਕੋਈ ਲਾਭ ਨਹੀਂ:

*ਤੀਰਥ ਬਰਤ ਅਰੁ ਦਾਨ ਕਰਿ ਮਨ ਮੈ ਧਰੈ ਗੁਮਾਨੁ।।*

*(ਸਲੋਕ, ਮ: ੯, ਪੰਨਾ: 1428)*

*ਕਹਾ ਭਇਓ ਤੀਰਥ ਬ੍ਰਤ ਕੀਏ ਰਾਮ ਸਰਨਿ ਨਹੀ ਆਵੈ।।*

*(ਬਿਲਾਵਲੁ ਮ: ੯, ਪੰਨਾ: 830)*

ਗੁਰਮਤਿ ਅਨੁਸਾਰ, *ਤੀਰਥ ਯਾਤਰਾ ਦਾ ਲਾਭ ਤਾਂ ਹੀ ਹੈ ਜੇਕਰ ਉਥੋਂ ਧਰਮ ਦੀ ਸਿੱਖਿਆ ਪ੍ਰਾਪਤ ਹੋਵੇ ਜਾਂ ਇਤਿਹਾਸ ਦੀ ਕਿਸੇ ਘਟਨਾ ਦਾ ਕੋਈ ਲਾਭ ਪ੍ਰਾਪਤ ਹੋਵੇ।*[12] ਗੁਰੂ ਤੇਗ ਬਹਾਦਰ ਜੀ ਅਨੁਸਾਰ ਜੇਕਰ ਮਨ ਵਸ ਵਿੱਚ ਨਹੀਂ ਜਾਂ ਮਨ ਵਿੱਚ ਹੰਕਾਰ ਹੈ ਤਾਂ ਬਾਹਰੀ ਤੀਰਥ ਭ੍ਰਮਣ ਕਰਨ ਨਾਲ ਕੋਈ ਫਲ ਪ੍ਰਾਪਤ ਨਹੀਂ ਹੋਣਾ:

*ਤੀਰਥ ਕਰੈ ਬ੍ਰਤ ਫੁਨਿ ਰਾਖੈ ਨਹ ਮਨੂਆ ਬਸਿ ਜਾ ਕੋ।।*
*ਨਿਹਫਲ ਧਰਮੁ ਤਾਹਿ ਤੁਮ ਮਾਨਹੁ ਸਾਚੁ ਕਹਤ ਮੈ ਯਾ ਕਉ।।*

*(ਬਿਲਾਵਲੁ ਮ: ੯, ਪੰਨਾ: 831)*

*ਤੀਰਥ ਬਰਤ ਅਰੁ ਦਾਨ ਕਰਿ ਮਨ ਮੈ ਧਰੈ ਗੁਮਾਨੁ।।*
*ਨਾਨਕ ਨਿਹਫਲੁ ਜਾਤ ਤਿਹ ਜਿਉ ਕੁੰਚਰ ਇਸਨਾਨੁ।।*

*(ਸਲੋਕ, ਮ: ੯, ਅੰਗ, 1428)*

ਧ੍ਰੂਅ: ਪੁਰਾਣ ਸਾਹਿਤ ਅਨੁਸਾਰ ਭਗਤ ਧ੍ਰੂ ਇਕ ਰਾਜੇ ਦੇ ਪੁੱਤਰ ਸਨ ਪਰ ਉਹ ਰਾਜਾ ਭਗਤ ਧ੍ਰੂ ਦੀ ਮਾਤਾ ਨੂੰ ਦੂਜੀ ਰਾਣੀ ਜਿੰਨੀ ਅਹਿਮੀਅਤ ਨਹੀਂ ਦਿੰਦਾ ਸੀ। ਇਸ ਲਈ ਧ੍ਰੂ ਆਪਣੇ ਪਿਤਾ ਤੋਂ ਬਣਦਾ ਪਿਆਰ ਨਾ ਹਾਸਿਲ ਕਰ ਸਕਿਆ। ਜਦੋਂ ਧ੍ਰੂ ਨੇ ਆਪਣੀ ਮਾਤਾ ਤੋਂ ਇਸ ਦਾ ਕਾਰਨ ਪੁਛਿਆ ਤਾਂ ਉਸ ਦੀ ਮਾਂ ਨੇ ਕਿਹਾ ਕਿ *"ਇਜ਼ਤ ਤੇ ਸ਼ੁਹਰਤ ਚੰਗੇ ਕਰਮਾਂ ਤੇ ਜਪ-ਤਪ ਤੋਂ ਬਿਨਾਂ ਨਹੀਂ ਮਿਲਦੇ। ਜੇ ਤੂੰ ਇਹ ਸਭ ਕੁਝ ਚਾਹੁੰਦਾ ਹੈਂ ਤਾਂ ਪ੍ਰਭੂ ਭਗਤੀ ਕਰ।"* [13] ਗੁਰੂ ਤੇਗ ਬਹਾਦਰ ਸਾਹਿਬ ਜੀ ਬਾਣੀ ਵਿੱਚ ਭਗਤ ਧ੍ਰੂਅ ਦਾ ਜ਼ਿਕਰ ਦੋ ਵਾਰ ਮਿਲਦਾ ਹੈ। ਇਨ੍ਹਾਂ ਪ੍ਰਮਾਣਾਂ ਵਿੱਚ ਧ੍ਰੂਅ ਭਗਤ ਬਾਲ ਬੁਧੀ ਦੁਆਰਾ ਭਗਤੀ ਕਰਨ ਦੇ ਅਰਥਾਂ ਵਿੱਚ ਇਕ ਸ਼੍ਰੋਮਣੀ ਮਿਸਾਲ ਹਨ। ਗੁਰੂ ਸਾਹਿਬ ਪ੍ਰਭੂ ਦੇ ਨਾਮ ਦੀ ਵਡਿਆਈ ਕਰਦੇ ਹੋਏ ਪ੍ਰਗਟ ਕਰਦੇ ਹਨ ਕਿ ਬਾਲ ਅਵਸਥਾ ਵਿੱਚ ਭਾਵ ਬਾਲ ਬੁਧੀ ਨਾਲ ਧ੍ਰੂਅ ਭਗਤ ਨੇ ਪਰਮਾਤਮਾ ਦੇ ਨਾਮ ਦੀ ਮਹਿਮਾ ਸਮਝ ਲਈ ਅਤੇ ਪ੍ਰਭੂ ਭਜਨ ਵਿੱਚ ਜੁੜ ਕੇ ਅਟਲ ਪਦਵੀ ਹਾਸਿਲ ਕਰ ਲਈ:

*ਅਟਲ ਭਇਓ ਧ੍ਰੂਅ ਜਾ ਕੈ ਸਿਮਰਨਿ ਅਰੁ ਨਿਰਭੈ ਪਦੁ ਪਾਇਆ।।*

*(ਸੋਰਠਿ, ਮ: ੯, ਪੰ. 632)*

ਇੰਜ ਪ੍ਰਭੂ ਦੇ ਸਿਮਰਨ ਸਦਕਾ ਪਿਤਾ ਦੇ ਪਿਆਰ ਤੇ ਰਾਜ ਭਾਗ ਤੋਂ ਵਾਂਝੇ ਪੁਤਰ ਨੇ ਪ੍ਰਭੂ ਭਗਤੀ ਕਰ ਨਿਰਭੈਤਾ ਦਾ ਆਤਮਕ ਦਰਜਾ ਹਾਸਲ ਕੀਤਾ ਤੇ ਸਦਾ ਲਈ ਅਟੱਲ ਹੋ ਗਿਆ। ਗੁਰੂ ਸਾਹਿਬ ਅਨੁਸਾਰ ਹਰੀ ਸਿਮਰਨ ਦੁਆਰਾ ਜਿਥੇ ਧ੍ਰੂਅ ਨੇ ਦੁਨਿਆਵੀ ਸੁਖ ਇਜ਼ਤ ਮਾਣ ਹਾਸਿਲ ਕੀਤਾ, ਉਥੇ ਜੀਵਨ ਦਾ ਅਸਲ ਮਨੋਰਥ ਵੀ ਸਰ ਕਰ ਲਿਆ।

ਨਾਰਦ: *ਇਹ ਧ੍ਰੂ ਭਗਤ ਤੇ ਪ੍ਰਹਿਲਾਦ ਭਗਤ ਦੇ ਗੁਰੂ ਅਤੇ ਹਿੰਦੂਆਂ ਦੇ ਇਕ ਪ੍ਰਸਿੱਧ ਰਿਸ਼ੀ ਮੰਨੇ ਜਾਂਦੇ ਹਨ।* [14] ਗੁਰੂ ਤੇਗ ਬਹਾਦਰ ਬਾਣੀ ਵਿੱਚ ਨਾਰਦ ਸ਼ਬਦ ਦਾ ਜ਼ਿਕਰ ਸਿਰਫ਼ ਇਕ ਵਾਰ ਧ੍ਰੂਅ ਭਗਤ ਵਾਲੇ ਪ੍ਰਕਰਣ ਵਿੱਚ ਮਿਲਦਾ ਹੈ। ਨਾਰਦ ਦੁਆਰਾ ਦਿਤੀ ਸਿੱਖਿਆ ਨੂੰ ਭਗਤ ਧ੍ਰੂਅ ਨੇ ਅਪਣਾਇਆ ਤੇ ਅਮਰ ਹੋ ਗਿਆ। ਇਥੇ ਗੁਰੂ ਸਾਹਿਬ ਨਾਰਦ ਅਤੇ ਧ੍ਰੂਅ ਦੇ ਹਵਾਲੇ ਨਾਲ ਗੁਰੂ ਦੁਆਰਾ ਚੇਲੇ ਨੂੰ ਦਿਤੀ ਸਿੱਖਿਆ ਦਾ ਉਪਦੇਸ਼ ਦ੍ਰਿੜ੍ਹ ਕਰਵਾਉਂਦੇ ਹਨ ਕਿ ਸਚਾ ਸਿੱਖ ਗੁਰੂ ਦੀਆਂ ਸਿੱਖਿਆਵਾਂ ਨੂੰ ਮਨ ਵਿੱਚ ਵਸਾ ਜੀਵਨ ਸਫਲਾ ਕਰਦਾ ਹੈ:

*ਨਾਰਦ ਕਹਤ ਸੁਨਤ ਧ੍ਰੂਅ ਬਾਰਿਕ ਭਜਨ ਮਾਹਿ ਲਪਟਾਨੋ।।*

*(ਬਿਲਾਵਲੁ, ਮ: ੯, ਪੰ. 830)*

ਦੂਜੇ ਸ਼ਬਦਾਂ ਵਿੱਚ ਪਰਮਾਤਮਾ ਦੀ ਬੰਦਗੀ ਨਾਲ ਜੋੜਨ ਵਾਲੀ ਗੁਰੂ ਦੀ ਸਿੱਖਿਆ ਜੇਕਰ ਬਾਲ ਅਵਸਥਾ ਵਿੱਚ ਇਕ ਬਾਲਕ ਨੂੰ ਝੱਟ ਸਮਝ ਆ ਸਕਦੀ ਹੈ ਤਾਂ ਵੱਡੀ ਉਮਰ ਵਾਲਿਆਂ ਨੂੰ ਰੱਬੀ ਬੰਦਗੀ ਦੀ ਅਹਿਮੀਅਤ ਹੋਰ ਜਲਦੀ ਸਮਝ ਆਉਣੀ ਚਾਹੀਦੀ ਹੈ।

ਪੰਚਾਲੀ (ਦ੍ਰੋਪਤੀ): *ਦ੍ਰੋਪਤੀ ਨੂੰ ਪੰਚਾਲੀ ਵੀ ਕਿਹਾ ਜਾਂਦਾ ਹੈ। ਇਹ ਪੰਚਾਲ ਦੇਸ਼ ਦੇ ਰਾਜੇ ਦਰੁਪਦ ਦੀ ਕੰਨਿਆ ਤੇ ਪੰਜਾਂ ਪਾਂਡਵਾਂ ਦੀ ਪਤਨੀ ਸੀ। ਕੌਰਵਾਂ ਤੋਂ ਯੁਧ ਹਾਰਨ ਕਰਕੇ ਦੁਰਯੋਧਨ ਦੇ ਛੋਟੇ ਭਰਾ ਦੁਸ਼ਾਸਨ ਨੇ ਦ੍ਰੋਪਤੀ ਦੀ ਬੇਪਤੀ ਕਰਨ ਦੀ ਮਨਸ਼ਾ ਨਾਲ ਇਕ ਭਰੀ ਸਭਾ ਵਿੱਚ, ਉਸ ਦੇ ਬਸਤਰ ਉਤਾਰਨ ਦੀ ਕੋਸ਼ਿਸ਼ ਕੀਤੀ ਤਾਂ ਦ੍ਰੋਪਤੀ ਦੀ ਪੁਕਾਰ 'ਤੇ ਐਨ ਉਸੇ ਵੇਲੇ ਕ੍ਰਿਸ਼ਨ ਜੀ ਨੇ ਉਸ ਦੀ ਲਾਜ ਰਖੀ ਤੇ ਨਿਰ-ਬਸਤ੍ਰ ਨਾ ਹੋਣ ਦਿਤਾ।* [15] ਪੰਚਾਲੀ ਸ਼ਬਦ ਸ੍ਰੀ ਗੁਰੂ ਗ੍ਰੰਥ ਸਾਹਿਬ

ਜੀ ਵਿੱਚ ਇਕ ਵਾਰ ਸਿਰਫ਼ ਨੌਵੇਂ ਪਾਤਸ਼ਾਹ ਦੀ ਬਾਣੀ ਵਿੱਚ ਅੰਕਿਤ ਹੈ। ਗੁਰੂ ਸਾਹਿਬ ਇਥੇ ਮਹਾਂਭਾਰਤ ਦੇ ਇਸ ਪ੍ਰਸੰਗ ਦੇ ਹਵਾਲੇ ਦੇ ਅਰਥ ਪਰਿਵਰਤਿਤ ਕਰਦੇ ਹੋਏ ਆਪਣੇ ਵਿਚਾਰ ਪੇਸ਼ ਕਰਦੇ ਹਨ ਕਿ ਬੇਸ਼ਕ ਦੁਨਿਆਵੀ ਰਿਸ਼ਤੇ ਜਿੰਨੇ ਮਰਜ਼ੀ ਮਜ਼ਬੂਤ ਹੋਣ ਤੇ ਦੁਨਿਆਵੀ ਸੁਖ ਵੀ ਅੰਤਾਂ ਦੇ ਹੋਣ ਪਰ ਔਖਿਆਈ ਸਮੇਂ ਰਾਮ ਨਾਮ ਹੀ ਸਹਾਰਾ ਬਣਦਾ ਹੈ ਤੇ ਅਜਿਹੇ ਸਮੇਂ ਦੀ ਪੁਕਾਰ ਸਦਕਾ ਪਰਮਾਤਮਾ ਖਿਨ ਵਿੱਚ ਹੀ ਉਧਾਰ ਕਰਦਾ ਹੈ ਤੇ ਆਪਣੀ ਸੋਭਾ ਆਪ ਹੀ ਕਰਾਉਂਦਾ ਹੈ:

*ਪੰਚਾਲੀ ਕਉ ਰਾਜ ਸਭਾ ਮਹਿ ਰਾਮ ਨਾਮ ਸੁਧਿ ਆਈ॥*
*ਤਾ ਕੋ ਦੂਖੁ ਹਰਿਓ ਕਰੁਣਾ ਮੈ ਅਪਨੀ ਪੈਜ ਬਢਾਈ॥*

*(ਮਾਰੂ, ਮਃ ੯, ਪੰ. 1008)*

ਇਸ ਪ੍ਰਸੰਗ ਵਿੱਚ ਪੰਚਾਲੀ/ਦ੍ਰੋਪਤੀ ਇਕ ਬੇਸਹਾਰਾ ਜੀਵ ਦੇ ਅਰਥਾਂ ਵਿੱਚ ਹੈ ਜਿਸ ਨੂੰ ਬੇਪਤੀ ਭਰੇ ਭਿਅੰਕਰ ਦੁੱਖਾਂ ਵਿੱਚ ਪਰਮਾਤਮਾ ਦੇ ਨਾਮ ਦੀ ਸੋਝੀ ਹੋਈ ਅਤੇ ਉਸ ਜੀਵ ਦੇ ਦੁੱਖ ਦੂਰ ਹੋਏ ਕਿਉਂਕਿ ਪਰਮਾਤਮਾ ਆਪਣੇ ਭਗਤਾਂ ਦੀ ਹਰ ਥਾਂ ਲਾਜ ਰਖਦਾ ਹੈ।

ਬ੍ਰਤ ਤੇ ਦਾਨ: ਵਰਤ ਤੋਂ ਭਾਵ ਹੈ ਕੁਝ ਨਿਸ਼ਚਿਤ ਸਮੇਂ ਲਈ ਭੋਜਨ ਤਿਆਗ ਦੇਣਾ। ਹਿੰਦੂ ਮਤ ਵਿੱਚ ਬਹੁਤ ਸਾਰੇ ਵਰਤਾਂ ਦਾ ਪ੍ਰਚਲਨ ਰਿਹਾ ਹੈ। *ਮਤਸਜ ਪੁਰਾਣ ਤੇ ਪਦਮਪੁਰਾਣ ਵਿੱਚ ਪ੍ਰਮੁਖ 60 ਵਰਤਾਂ ਦਾ ਜ਼ਿਕਰ ਮਿਲਦਾ ਹੈ।* [16] ਗੁਰੂ ਤੇਗ ਬਹਾਦਰ ਜੀ ਬਾਣੀ ਵਿੱਚ ਬ੍ਰਤ ਸ਼ਬਦ ਦੋ ਰੂਪਾਂ ਵਿੱਚ ਕੁਲ ਤਿੰਨ ਵਾਰ ਵਰਤਿਆ ਹੈ- ਬ੍ਰਤ (2), ਬਰਤ (1)। ਇਸ ਤਰ੍ਹਾਂ ਦਾਨ ਸ਼ਬਦ ਵੀ ਤਿੰਨ ਵਾਰ ਵਰਤਿਆ ਹੈ- ਦਾਨ (1), ਦਾਨੁ (2)। ਪਰ ਇਨ੍ਹਾਂ ਵਿੱਚੋਂ ਇਕ ਸ਼ਬਦ ਦਾਨ ਕੇਵਲ ਦਾਨ ਦੇਣ ਨਾਲ ਸੰਬੰਧਿਤ ਹੈ ਬਾਕੀ ਥਾਂ ਮੁਕਤ ਪਦ ਦੇ ਅਰਥਾਂ ਵਿੱਚ ਆਇਆ ਹੈ। ਗੁਰਬਾਣੀ ਵਿੱਚ ਬ੍ਰਤ ਤੇ ਦਾਨ ਦੋਨੋਂ ਸ਼ਬਦ ਤਿਆਗ ਦੇ ਅਰਥਾਂ ਵਿੱਚ ਆਏ ਹਨ। ਗੁਰੂ ਜੀ ਸਮਝਾਉਂਦੇ ਹਨ ਕਿ ਭਾਵੇਂ ਮਨੁੱਖ ਕਸ਼ਟ ਝੱਲ ਕੇ ਤੀਰਥਾਂ ਦਾ ਰਟਣ ਕਰ ਲਵੇ, ਭੋਜਨ ਤੇ ਮਾਇਆ ਆਦਿ ਤਿਆਗ ਲਵੇ ਤਾਂ ਵੀ ਮਨ ਵਸ ਵਿੱਚ ਨਹੀਂ ਹੋ ਸਕਦਾ ਕਿਉਂਕਿ ਇਹ ਸਾਰੀਆਂ ਮੁਸ਼ਕਿਲਾਂ ਸਰ ਕਰਕੇ ਮਨੁੱਖ ਹੰਕਾਰ ਦਾ ਸ਼ਿਕਾਰ ਹੋ ਜਾਂਦਾ ਹੈ। ਫਲਸਰੂਪ ਸਾਰੀ ਕਮਾਈ ਵਿਅਰਥ ਚਲੀ ਜਾਂਦੀ ਹੈ, ਜਿਵੇਂ ਹਾਥੀ ਨਹਾ ਕੇ ਮੁੜ ਮਿੱਟੀ ਵਿੱਚ ਲਿਬੜ ਜਾਂਦਾ ਹੈ:

*ਤੀਰਥ ਬਰਤ ਅਰੁ ਦਾਨ ਕਰਿ ਮਨ ਮੈ ਧਰੈ ਗੁਮਾਨੁ ॥*
*ਨਾਨਕ ਨਿਹਫਲ ਜਾਤ ਤਿਹ ਜਿਉ ਕੁੰਚਰ ਇਸਨਾਨੁ ॥*

*(ਸਲੋਕ, ਮ: ੯, ਪੰਨਾ: 1428)*

*ਤੀਰਥ ਕਰੈ ਬ੍ਰਤ ਫੁਨਿ ਰਾਖੈ ਨਹ ਮਨੂਆ ਬਸਿ ਜਾ ਕੋ॥*

*(ਬਿਲਾਵਲੁ, ਮ: ੯, ਪੰਨਾ: 831)*

ਮੁਰਾਰਿ: *ਮੁਰਾਰਿ ਦਾ ਸ਼ਾਬਦਿਕ ਅਰਥ ਹੈ ਮੁਰ ਦੈਂਤ ਦਾ ਵੈਰੀ/ਮੁਰ ਦੈਂਤ ਨੂੰ ਮਾਰਨ ਵਾਲਾ।* [17] ਹਿੰਦੂ ਮਤ ਵਿੱਚ ਕ੍ਰਿਸ਼ਨ ਜੀ ਦਾ ਇਕ ਨਾਂ ਮੁਰਾਰਿ ਵੀ ਪ੍ਰਚਲਿਤ ਹੈ। ਨੌਵੇਂ ਪਾਤਸ਼ਾਹ ਦੀ ਬਾਣੀ ਵਿੱਚ ਇਹ ਸ਼ਬਦ ਦੋ ਵਾਰ ਪ੍ਰਯੋਗ ਹੋਇਆ ਮਿਲਦਾ ਹੈ ਜੋ ਕਿ ਉਸ ਨਿਰਾਕਾਰ ਬ੍ਰਹਮ/ਵਾਹਿਗੁਰੂ ਦਾ ਲਖਾਇਕ ਹੈ। 'ਮੁਰਾਰਿ' ਸ਼ਬਦ ਦੇ ਅਰਥ ਰੂਪਾਂਤਰਿਤ ਕਰਦੇ ਗੁਰੂ ਸਾਹਿਬ ਨੇ ਅਕਾਲਪੁਰਖ ਨੂੰ ਦੁੱਖ ਹਰਤਾ, ਬੰਧਨ ਤੋੜਨ ਵਲਾ ਤੇ ਹੰਕਾਰ ਆਦਿ ਦਾ ਨਾਸ਼ ਕਰਨ ਵਾਲੇ ਅਰਥਾਂ ਵਿੱਚ ਪ੍ਰਗਟ ਕੀਤਾ ਹੈ। ਗੁਰੂ ਜੀ ਫੁਰਮਾਉਂਦੇ ਹਨ ਕਿ ਹੇ ਜੀਵ! ਜਗਤ ਦੇ ਖਿਲਾਰੇ ਵਿੱਚ ਖਚਿਤ ਨਾ ਹੋ ਕਿਉਂਕਿ ਇਹ ਸਭ ਸੁਪਨੇ ਸਮਾਨ ਹੈ, ਤੇਰੇ ਕੋਲ ਹਾਲੇ ਵੀ ਜੀਵਨ ਰੂਪ ਸਮਾਂ ਹੈ, ਕੁਝ ਨਹੀਂ ਵਿਗੜਿਆ। ਇਸੇ ਸਮੇਂ ਵਿੱਚ ਹੀ ਐਸੇ ਰਾਮ ਨਾਮ ਦਾ ਜਾਪ ਕਰ ਜਿਸ ਦੀ ਮਾਇਆ ਵੀ ਦਾਸੀ ਹੈ। ਹੇ ਜੀਵ! ਇਸ ਤਰ੍ਹਾਂ ਕਰਦਿਆਂ ਬੰਧਨ ਮੁਕਤ ਹੋ ਜਾਏਂਗਾ:

*ਅਜਹੂ ਸਮਝਿ ਕਛੁ ਬਿਗਰਿਓ ਨਾਹਿਨਿ ਭਜਿ ਲੇ ਨਾਮੁ ਮੁਰਾਰਿ॥*

*(ਸੋਰਠਿ, ਮਃ ੯, ਪੰ. 633)*

*ਨਾਨਕ ਜਨ ਕਹਿ ਪੁਕਾਰਿ ਸੁਪਨੈ ਜਿਉ ਜਗ ਪਸਾਰੁ॥*
*ਸਿਮਰਤ ਨਹ ਕਿਉ ਮੁਰਾਰਿ ਮਾਇਆ ਜਾ ਕੀ ਚੇਰੀ॥*

*(ਜੈਜਾਵੰਤੀ, ਮਃ ੯, ਪੰ. 1352)*

ਰਾਮ: ਗੁਰੂ ਤੇਗ ਬਹਾਦਰ ਜੀ ਦੀ ਬਾਣੀ ਵਿੱਚ ਸਾਨੂੰ ਬਹੁਤ ਸਾਰੇ ਨਾਂਵ ਬ੍ਰਹਮ ਨਿਰੂਪਣ ਵਾਲੇ ਵੀ ਮਿਲਦੇ ਹਨ ਜਿਵੇਂ ਰਾਮ, ਹਰਿ, ਗੋਬਿੰਦ, ਗੁਸਾਈ, ਸੁਆਮੀ, ਸਵਾਮੀ, ਪ੍ਰਭ, ਨਾਰਾਇਣ, ਦੇਵਾ, ਕਨ੍ਹਈ, ਮਾਧੋ, ਮੁਰਾਰਿ, ਪ੍ਰੀਤਮ, ਭਗਵਾਨ, ਬ੍ਰਹਮ ਆਦਿ। ਇਨ੍ਹਾਂ ਸ਼ਬਦਾਂ ਵਿੱਚੋਂ 'ਹਰਿ' ਤੇ 'ਰਾਮ' ਸ਼ਬਦਾਂ ਦੀ ਬਹੁਲਤਾ ਦਿਖਾਈ ਦਿੰਦੀ ਹੈ। ਗੁਰੂ ਤੇਗ ਬਹਾਦਰ ਬਾਣੀ ਵਿੱਚ ਰਾਮ (33) ਤੇ ਰਾਮੁ (16) ਦੋ ਸ਼ਬਦ-ਰੂਪਾਂ ਅੰਦਰ ਰਾਮ ਸ਼ਬਦ ਕੁਲ 49 ਵਾਰ ਪ੍ਰਯੋਗ ਹੋਇਆ ਮਿਲਦਾ ਹੈ। ਗੁਰਬਾਣੀ ਵਿਆਕਰਨ ਦੇ ਨਿਯਮਾਂ ਅਨੁਸਾਰ ਔਂਕੁੜ ਤੋਂ ਬਿਨਾਂ 'ਰਾਮ' ਸ਼ਬਦ ਸੰਬੋਧਨ/ਵਿਆਪਕ ਅਰਥਾਂ ਵਿਚ ਹੈ ਅਤੇ ਔਂਕੁੜ ਸਹਿਤ 'ਰਾਮੁ' ਸ਼ਬਦ ਕਰਤਾ ਕਾਰਕ/ਇਕਵਚਨ ਹੈ। ਗੁਰੂ ਤੇਗ ਬਹਾਦਰ ਬਾਣੀ ਵਿਚ ਕੁਲ ਤੇਤੀ ਵਾਰ ਆਇਆ 'ਰਾਮ' ਸ਼ਬਦ ਕੇਵਲ ਅਕਾਲਪੁਰਖ ਵਾਚਕ ਹੈ ਭਾਵ ਰਮੇ ਹੋਏ (ਵਿਆਪਕ) ਪਰਮਾਤਮਾ ਦੇ ਅਰਥ ਤੇ ਉਸਤਤ ਪ੍ਰਗਟ ਕਰਦਾ ਹੈ। ਇਸੇ ਤਰ੍ਹਾਂ ਸੋਲ੍ਹਾਂ ਵਾਰ 'ਰਾਮੁ' ਸ਼ਬਦ-ਰੂਪ (ਕਰਤਾ ਕਾਰਕ/ਇਕਵਚਨ) ਪੰਦਰਾਂ ਵਾਰ ਅਕਾਲਪੁਰਖ ਵਾਚਕ ਅਰਥਾਂ ਵਿੱਚ ਹੈ ਅਤੇ ਕੇਵਲ ਇਕ ਵਾਰ ਸ੍ਰੀ ਰਾਮ ਚੰਦਰ ਦੇ ਪ੍ਰਸੰਗ ਨਾਲ ਸੰਬੰਧਿਤ ਹੈ। ਗੁਰੂ ਤੇਗ ਬਹਾਦਰ ਜੀ ਦੀ ਬਾਣੀ ਵਿੱਚ ਰਾਮ ਸ਼ਬਦ ਅਕਾਲਪੁਰਖ ਵਾਚਕ ਅਰਥਾਂ ਵਿੱਚ ਕਰਤਾ, ਨਾਮ ਰੂਪ, ਸ਼ਰਨ ਪਾਲਕ, ਦੁੱਖ ਹਰਤਾ, ਬੰਧਨ ਤੋਂ ਛੁਟਕਾਰਾ ਦੇਣ ਵਾਲਾ, ਸਭ ਥਾਈਂ ਵਿਆਪਕ/ਰਮਿਆ ਹੋਇਆ ਤੇ ਸਹਾਈ ਹੋਣ ਵਾਲਾ ਆਦਿ ਦੇ ਰੂਪਾਂ ਵਿੱਚ ਮਿਲਦਾ ਹੈ:

*ਸਾਧੋ ਰਚਨਾ ਰਾਮ ਬਨਾਈ॥*
*ਇਕਿ ਬਿਨਸੈ ਇਕ ਅਸਥਿਰੁ ਮਾਨੈ ਅਚਰਜੁ ਲਖਿਓ ਨ ਜਾਈ॥*

*(ਗਉੜੀ, ਮਃ ੯, ਪੰ. 220)*

*ਅੰਤਰਿ ਬਾਹਰਿ ਸਦਾ ਸੰਗਿ ਪ੍ਰਭੁ ਤਾ ਸਿਉ ਨੇਹੁ ਨ ਲਾਵੈ॥*
*ਨਾਨਕ ਮੁਕਤਿ ਤਾਹਿ ਤੁਮ ਮਾਨਹੁ ਜਿਹ ਘਟਿ ਰਾਮੁ ਸਮਾਵੈ॥*

*(ਗਉੜੀ, ਮਃ ੯, ਪੰ. 220)*

ਤ੍ਰੇਤੇ-ਯੁਗ ਦੇ ਅਵਤਾਰ ਦਸਰਥ ਪੁਤਰ 'ਸ੍ਰੀ ਰਾਮ ਚੰਦ੍ਰ' ਦਾ ਜ਼ਿਕਰ ਗੁਰੂ ਤੇਗ ਬਹਾਦਰ ਬਾਣੀ ਵਿੱਚ ਸਿਰਫ਼ ਇਕੋ ਵਾਰ ਹੋਇਆ ਮਿਲਦਾ ਹੈ। ਇਸ ਪ੍ਰਮਾਣ ਦੁਆਰਾ ਜਗਤ, ਜਗਤ ਪ੍ਰਸਿੱਧ ਅਵਤਾਰ (ਨਾਇਕ) ਤੇ ਰਾਖਸ਼ (ਖਲਾਇਕ) ਦੀ ਅਸਥਿਰਤਾ ਨੂੰ ਪ੍ਰਗਟਾਇਆ ਗਿਆ ਹੈ ਕਿ ਇਸ ਸੁਪਨੇ ਸਮਾਨ ਜਗਤ ਵਿੱਚ ਕੁਝ

ਵੀ ਸਥਿਰ ਭਾਵ ਟਿਕਣ ਵਾਲਾ ਨਹੀਂ ਹੈ ਜਿਵੇਂ ਅਵਤਾਰ ਸ੍ਰੀ ਰਾਮ ਚੰਦ੍ਰ ਅਤੇ ਬਹੁਤ ਵਡੇ ਪਰਿਵਾਰ ਵਾਲੇ ਰਾਵਨ ਵੀ ਇਥੋਂ ਚਲੇ ਗਏ। ਗੁਰੂ ਜੀ ਜੀਵ ਨੂੰ ਮੋਹ-ਮਾਇਆ ਤੋਂ ਦੂਰ ਰਹਿਣ ਦੀ ਪ੍ਰੇਰਨਾ ਦੇ ਰਹੇ ਹਨ:

*ਰਾਮੁ ਗਇਓ ਰਾਵਨੁ ਗਇਓ ਜਾ ਕਉ ਬਹੁ ਪਰਵਾਰੁ॥*
*ਕਹੁ ਨਾਨਕ ਥਿਰੁ ਕਛੁ ਨਹੀ ਸੁਪਨੇ ਜਿਉ ਸੰਸਾਰੁ॥*

*(ਸਲੋਕ, ਮਃ ੯, ਪੰ. 1429)*

ਰਾਵਨ: ਪ੍ਰੋ.ਪਿਆਰਾ ਸਿੰਘ ਪਦਮ ਅਨੁਸਾਰ, *ਇਹ ਰਾਖਸ਼ਾਂ ਦਾ ਆਗੂ ਮਹਾਂਬਲੀ ਯੋਧਾ ਲੰਕਾ ਦਾ ਰਾਜਾ ਸੀ। ਲੰਮੀ ਤਪ ਸਾਧਨਾ ਸਦਕਾ ਇਸ ਨੇ ਸ਼ਿਵ ਨੂੰ ਪ੍ਰਸੰਨ ਕਰਕੇ ਅਮਰ ਰਹਿਣ ਦਾ ਵਰਦਾਨ ਵੀ ਪ੍ਰਾਪਤ ਕੀਤਾ ਹੋਇਆ ਸੀ। ਕਈ ਦੇਵੀ ਦੇਵਤੇ ਇਸ ਦੇ ਸੇਵਕ ਸਨ। ਇਹ ਵਿਦਿਆ ਵਿੱਚ ਵੀ ਨਿਪੁੰਨ ਸੀ, ਜਿਸ ਨੂੰ ਚਾਰ ਵੇਦਾਂ ਦਾ ਵਕਤਾ ਕਿਹਾ ਜਾਂਦਾ ਸੀ ਪਰ ਵਧੇਰੇ ਤਾਕਤ ਕਾਰਨ ਰਾਵਨ ਗਰਬ ਨਾਲ ਚੂਰ ਹੋ ਗਿਆ ਸੀ।* [18] ਗੁਰੂ ਤੇਗ ਬਹਦਾਰ ਜੀ ਰਾਵਨ ਦੇ ਹਵਾਲੇ ਨਾਲ ਜਿਥੇ ਜਗਤ ਦੇ ਚਲਾਇਮਾਨ ਸੁਭਾਅ ਦਾ ਜ਼ਿਕਰ ਕਰਦੇ ਹਨ ਉਥੇ ਰਾਵਣ ਜਿਹੇ ਯੋਧੇ, ਵਿਦਿਆਵਾਨ, ਅਥਾਹ ਤਾਕਤ ਦੇ ਮਾਲਕ ਵਿਅਕਤੀ ਦਾ ਹਵਾਲਾ ਦੇ ਕੇ ਸਿੱਧ ਕਰਦੇ ਹਨ ਕਿ ਐਨੇ ਗੁਣਾਂ ਦੇ ਹੁੰਦੇ ਹੋਏ ਕੇਵਲ ਇਕ ਹੰਕਾਰ ਉਸ ਦੇ ਵਿਨਾਸ਼ ਦਾ ਕਾਰਨ ਬਣਿਆ। ਦਰਅਸਲ ਰਾਵਨ ਬਿਨਸਣਹਾਰ ਸੰਸਾਰੀ ਤਾਣ ਅਥਵਾ ਐਸ਼ਵਰਜ ਸੰਪੰਨਤਾ ਦੇ ਅਰਥਾਂ ਵਿੱਚ ਆਇਆ ਹੈ:

*ਰਾਮੁ ਗਇਓ ਰਾਵਨੁ ਗਇਓ ਜਾ ਕਉ ਬਹੁ ਪਰਵਾਰੁ॥*

*(ਸਲੋਕ, ਮਃ ੯, ਪੰ. 1429)*

ਗੁਰੂ ਸਾਹਿਬ ਦੀ ਬਾਣੀ ਵਿੱਚ ਮਿਲਦੇ ਉਪਰੋਕਤ ਪਾਤਰਾਂ ਦੇ ਨਾਵਾਂ ਤੋਂ ਆਮ ਲੋਕਾਈ ਕਿਤੇ ਨਾ ਕਿਤੇ ਜਾਣੂ ਸੀ। ਗੁਰੂ ਜੀ ਦੁਆਰਾ ਇਹਨਾਂ ਪਾਤਰਾਂ ਦੀਆਂ ਉਦਾਹਰਣਾਂ ਦੇਣਾ ਸੌਖੇ ਢੰਗ ਨਾਲ ਆਪਣੇ ਆਸ਼ਿਆਂ ਨੂੰ ਸਪੱਸ਼ਟ ਕਰਨਾ ਹੈ ਤਾਂ ਜੋ ਜਗਿਆਸੂ ਕਿਸੇ ਵੀ ਤਰ੍ਹਾਂ ਦੀਆਂ ਉਲਝਣਾਂ ਨਾ ਪੈਣ। *"ਅਸਲ ਵਿੱਚ ਗੁਰੂ ਸਾਹਿਬ ਇਹਨਾਂ ਮਿੱਥਾਂ ਦਾ ਪ੍ਰਯੋਗ ਇਹਨਾਂ ਦੇ ਪ੍ਰਚਲਿਤ ਅਰਥਾਂ ਨੂੰ ਦੁਹਰਾਉਣ ਲਈ ਨਹੀਂ ਕਰਦੇ ਬਲਕਿ ਗੁਰੂ ਜੀ ਇਹਨਾਂ ਮਿੱਥਾਂ ਦਾ ਰੂਪਾਂਤਰਣ ਕਰ ਦਿੰਦੇ ਹਨ।"* [19] ਪ੍ਰੋਫੈਸਰ ਸ਼ਿਬਲੀ 'ਸ਼ਿਅਰੁਲ ਅਜਮ ਭਾਗ-4' ਵਿੱਚ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਉਚਾਰਨ ਵਿੱਚ ਪ੍ਰਬੀਨਤਾ ਤੇ ਬਾਣੀ ਵਿੱਚ ਮਿਲਦੇ ਪੁਰਾਤਨ ਪਾਤਰਾਂ ਦੇ ਹਵਾਲਿਆਂ ਬਾਬਤ ਲਿਖਦੇ ਹਨ ਕਿ *"ਮਹਾਂ ਭਾਰਤ ਦਰਅਸਲ ਦਰੋਪਤੀ ਦੇ ਇਰਦ ਗਿਰਦ ਘੁੰਮਦਾ ਹੈ ਅਤੇ ਰਾਮਾਇਣ ਰਾਮ ਅਤੇ ਰਾਵਣ ਦੇ ਚਾਰ ਚੁਫੇਰੇ ਚਲਦਾ ਹੈ। ਇਤਨੀਆਂ ਵੱਡੀਆਂ ਕਥਾਵਾਂ ਨੂੰ ਚੰਦ ਇਕ ਸ਼ਬਦਾਂ ਰਾਹੀਂ ਵਿਅਕਤ ਕਰਕੇ ਗੁਰੂ ਜੀ ਨੇ ਸਫਲਤਾ ਪ੍ਰਾਪਤ ਕੀਤੀ ਹੈ। ਰਾਮ-ਰਾਵਣ ਅਤੇ ਪੰਚਾਲੀ ਦੇ ਹਵਾਲੇ ਨੂੰ ਪੜ੍ਹਕੇ ਉਹਨਾਂ ਨਾਲ ਸਬੰਧਿਤ ਸਾਰੀਆਂ ਘਟਨਾਵਾਂ ਅੱਖਾਂ ਅਗੇ ਇਕ ਚਲ-ਚਿੱਤ੍ਰ ਦੀ ਤਰ੍ਹਾਂ ਆ ਜਾਂਦੀਆਂ ਹਨ, ਅਤੇ ਗੁਰੂ ਦੇਵ ਦਾ ਮੰਤਵ ਸਪੱਸ਼ਟ ਹੋ ਜਾਂਦਾ ਹੈ। ਜੋ ਸਿੱਖਿਆ ਗੁਰੂ ਜੀ ਦੇਣਾ ਚਾਹੁੰਦੇ ਹਨ, ਪਾਠਕ ਤੇ ਸ੍ਰੋਤਾ ਗਣ ਝੱਟ ਸਮਝ ਕੇ ਉਸ ਤੋਂ ਪੂਰਾ ਪੂਰਾ ਲਾਭ ਉਠਾ ਲੈਂਦਾ ਹੈ।"* [20] ਸੋ ਭਾਰਤੀ ਮਿਥਿਹਾਸ ਵਿੱਚੋਂ ਨੌਵੇਂ ਪਾਤਸ਼ਾਹ ਜੀ ਦੀ ਬਾਣੀ ਵਿੱਚ ਮਿਲਦੀ ਪੁਰਾਤਨ ਸ਼ਬਦਾਵਲੀ ਦੁਆਰਾ ਨਿਵੇਕਲੇ ਤੇ ਨਵੀਨ ਅਰਥ ਸਾਨੂੰ ਪ੍ਰਾਪਤ ਹੁੰਦੇ ਹਨ।

## ਸ਼ੈਵ, ਸੰਨਿਆਸੀ ਤੇ ਜੋਗੀ ਆਦਿਕ ਮਤ-ਮਤਾਂਤਰਾਂ ਨਾਲ ਸੰਬੰਧਿਤ ਸ਼ਬਦਾਵਲੀ

ਜੰਗਮ ਤੇ ਸੰਨਿਆਸ: *ਜੰਗਮ ਤੋਂ ਭਾਵ "ਸ਼ੈਵ ਮਤ ਦਾ ਇੱਕ ਫ਼ਿਰਕਾ, ਜੋ ਜੋਗੀਆਂ ਦੀ ਸ਼ਾਖ਼ ਹੈ. ਜੰਗਮ ਸਿਰ ਪੁਰ ਸਰਪ ਦੀ ਸ਼ਕਲ ਦੀ ਰੱਸੀ ਅਤੇ ਧਾਤੁ ਦਾ ਚੰਦ੍ਰਮਾ ਪਹਿਰਦੇ ਹਨ, ਕੰਨਾਂ ਵਿੱਚ ਮੁਦ੍ਰਾ ਦੀ ਥਾਂ ਪਿੱਤਲ ਦੇ ਫੁੱਲ ਮੋਰਪੰਖਾ ਨਾਲ ਸਜੇ ਹੋਏ ਧਾਰਨ ਕਰਦੇ ਹਨ।"* [21] ਗੁਰੂ ਤੇਗ ਬਹਾਦਰ ਬਾਣੀ ਵਿੱਚ ਜੰਗਮ ਤੇ ਸੰਨਿਆਸ ਪਦ ਦੀ ਵਰਤੋਂ ਇਕੋ ਵਾਰ ਸਾਂਝੇ ਰੂਪ ਵਿੱਚ ਮਿਲਦੀ ਹੈ। ਸੰਨਿਆਸ ਨੂੰ ਧਾਰਨ ਕਰਤਾ ਸੰਨਿਆਸੀ ਹੈ। *'ਸੰਨਿਆਸ' ਦਾ ਲਫ਼ਜੀ ਮਾਅਨਾ ਤਿਆਗ ਹੈ।*[22] ਹਿੰਦੂ ਮਤ ਦੇ ਚਾਰ ਆਸ਼੍ਰਮਾਂ ਵਿੱਚ ਚੌਥਾ ਆਸ਼੍ਰਮ-ਸੰਨਿਆਸ ਧਾਰਨ ਕਰਨ ਵਾਲਾ ਸੰਨਿਆਸੀ ਹੈ। ਇਸ ਤੋਂ ਇਲਾਵਾ *ਸ਼ੰਕਰਾਚਾਰੀਆ ਤੋਂ ਤੁਰੇ ਇਕ ਦਸ ਨਾਮ ਸੰਨਿਆਸੀਆਂ* [23] *ਦਾ ਸੰਪ੍ਰਦਾਯ ਹੈ ਜਿਸ ਦੇ ਦਸ ਫਿਰਕੇ ਹਨ, ਜਿਸ ਦਾ ਵਰਣਨ ਗੁਰੂ ਨਾਨਕ ਬਾਣੀ ਵਿੱਚ ਵੀ ਮਿਲਦਾ ਸਨ।* [24] ਗੁਰੂ ਤੇਗ ਬਹਾਦਰ ਜੀ ਜੋਗੀ, ਜੰਗਮ ਤੇ ਸੰਨਿਆਸੀ ਦੇ ਰਿਵਾਇਤੀ ਪਹਿਰਾਵੇ ਤੇ ਘਰ ਬਾਰ ਤਿਆਗਣ ਦੀ ਸ਼ਲਾਘਾ ਨਹੀਂ ਕਰਦੇ ਸਗੋਂ ਕਹਿੰਦੇ ਹਨ ਕਿ ਪਰਮਾਮਤਾ ਨੂੰ ਮਨ ਵਿੱਚ ਵਸਾਏ ਬਗੈਰ ਬੇਸ਼ਕ ਇਹ ਲੋਕ ਦਿਖਾਵੇ ਲਈ ਵਿਸ਼ੇਸ਼ ਪ੍ਰਕਾਰ ਦੀ ਪੁਸ਼ਾਕ ਪਹਿਨਣ ਜਾਂ ਗ੍ਰਿਹਸਤ ਦਾ ਤਿਆਗ ਕਰਨ ਪਰ ਇਹ ਸਭ ਮਾਇਆ ਤੇ ਕਾਮ-ਵਾਸਨਾ ਦੀ ਪਕੜ ਤੋਂ ਬਚ ਨਹੀਂ ਸਕਦੇ:

*ਪਾਪੀ ਹੀਐ ਮੈ ਕਾਮੁ ਬਸਾਇ॥*
*ਮਨੁ ਚੰਚਲੁ ਯਾ ਤੇ ਗਹਿਓ ਨ ਜਾਇ ॥੧॥ ਰਹਾਉ ॥*
*ਜੋਗੀ ਜੰਗਮ ਅਰੁ ਸੰਨਿਆਸ॥*
*ਸਭ ਹੀ ਪਰਿ ਡਾਰੀ ਇਹ ਫਾਸ॥*

*(ਬਸੰਤੁ, ਮਃ ੯, ਪੰ. 1186)*

ਜੋਗ ਤੇ ਜੋਗੀ/ਜੋਗੀਸੁਰ: *ਗੁਰਬਾਣੀ ਵਿੱਚ ਜੋਗ ਸ਼ਬਦ ਜੋਗ ਸਾਧਨਾ, ਜੋਗ ਮਤ ਦੇ ਅਨੁਯਾਈ ਤੇ ਜੁੜਨ ਦੇ ਅਰਥਾਂ ਵਿੱਚ ਆਇਆ ਹੈ।* [25] ਸੰਸਕ੍ਰਿਤ ਭਾਸ਼ਾ ਵਿੱਚ, *ਯੋਗ ਸ਼ਬਦ 'ਯੁਜ' ਧਾਤੂ ਤੋਂ ਬਣਿਆ ਮੰਨਿਆ ਜਾਂਦਾ ਹੈ ਅਤੇ ਇਹ ਕਈ ਅਰਥਾਂ ਵਿੱਚ ਵਰਤਿਆ ਜਾਂਦਾ ਹੈ। ਇਸ ਸ਼ਬਦ ਦਾ ਸਾਧਾਰਣ ਅਰਥ ਹੈ ਜੋੜਣਾ ਜਾਂ ਸੰਬੰਧ ਕਾਇਮ ਕਰਨਾ ਮੰਨੇ ਗਏ ਹਨ।* [26] ਪਿਆਰਾ ਸਿੰਘ ਪਦਮ ਅਨੁਸਾਰ, *ਯੋਗ-ਸਾਸ਼ਤ੍ਰ ਦੇ ਮੋਢੀ ਆਚਾਰਯ ਪਤੰਜਲਿ ਨੇ ਚਿਤ ਬ੍ਰਿਤੀ ਨੂੰ ਰੋਕਣ ਦਾ ਨਾਮ ਜੋਗ ਆਖਿਆ ਹੈ।* [27] ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ, *ਗੁਰਮਤਿ ਵਿੱਚ ਨਾਮ ਅਭਿਆਸ ਕਰਕੇ ਕਰਤਾਰ ਵਿੱਚ ਲੀਨ ਹੋਣਾ ਜੋਗ ਹੈ।* [28] ਗੁਰੂ ਤੇਗ ਬਹਾਦਰ ਬਾਣੀ ਵਿੱਚ ਜੋਗ ਮਤ ਨਾਲ ਸੰਬੰਧਿਤ ਤਿੰਨ ਪ੍ਰਮੁਖ ਸ਼ਬਦ ਮਿਲਦੇ ਹਨ ਜੋਗ (1), ਜੋਗੀ (6) ਅਤੇ ਜੋਗੀਸੁਰ (1) ਮਿਲਦੇ ਹਨ। ਗੁਰੂ ਤੇਗ ਬਹਾਦਰ ਬਾਣੀ ਵਿੱਚ ਅਸਲ ਜੋਗੀ ਕੇਵਲ ਨਾਂ-ਮਾਤਰ ਜੋਗ ਭੇਖ ਦਾ ਅਨੁਯਾਈ ਨਾ ਹੋ ਕੇ ਆਤਮਕ ਤੌਰ 'ਤੇ ਪਰਮਾਤਮਾ ਨਾਲ ਜੁੜਿਆ ਮਨੁੱਖ ਹੈ। ਗੁਰੂ ਜੀ ਅੰਦਰੂਨੀ ਸਾਧਨਾ ਨੂੰ ਤਿਆਗ ਕੇ ਸਿਰਫ਼ ਵਿਖਾਵੇ ਮਾਤਰ ਬਾਹਰੀ ਭੇਖ ਧਾਰਨ ਵਾਲੇ ਜੋਗੀਆਂ ਪ੍ਰਤੀ ਕਟਾਖਸ਼ ਕਰਦੇ ਹਨ ਕਿ ਪਰਮਾਤਮਾ ਦੀ ਸਿਫਤ-ਸਲਾਹ ਤੋਂ ਬਗੈਰ ਕੇਵਲ ਬਾਹਰੀ ਭੇਖ ਵਾਲੇ ਜੋਗ ਸਾਧਨ ਕਿਸੇ ਥਾਂ ਨਹੀਂ ਪੈਂਦੇ ਭਾਵ ਸਭ ਵਿਅਰਥ ਹਨ। ਗੁਰੂ ਜੀ ਅਨੁਸਾਰ ਜਿਸ ਮਨੁੱਖ ਦੇ ਹਿਰਦੇ ਵਿੱਚ ਪਰਾਈ ਨਿੰਦਿਆ ਨਹੀਂ, ਪਰਾਈ ਖੁਸ਼ਾਮਦ ਨਹੀਂ,

ਉਸ ਲਈ ਸੋਨਾ ਤੇ ਮਿਟੀ ਵੀ ਇਕ ਸਮਾਨ ਹਨ ਭਾਵ ਕਿਸੇ ਤਰ੍ਹਾਂ ਦਾ ਲੋਭ ਵੀ ਨਹੀਂ ਅਤੇ ਖੁਸ਼ੀ ਤੇ ਗਮੀ ਵਿੱਚ ਵੀ ਇਕ ਸਮਾਨ ਵਿੱਚਰਦਾ ਹੈ ਉਹ ਅਸਲ ਜੋਗੀ ਹੈ:

*ਤਿਹ ਜੋਗੀ ਕਉ ਜੁਗਤਿ ਨ ਜਾਨਉ॥*
*ਲੋਭ ਮੋਹ ਮਾਇਆ ਮਮਤਾ ਫੁਨਿ ਜਿਹ ਘਟਿ ਮਾਹਿ ਪਛਾਨਉ॥ਰਹਾਉ॥*
*ਪਰ ਨਿੰਦਾ ਉਸਤਤਿ ਨਹ ਜਾ ਕੈ ਕੰਚਨ ਲੋਹ ਸਮਾਨੋ॥*
*ਹਰਖ ਸੋਗ ਤੇ ਰਹੈ ਅਤੀਤਾ ਜੋਗੀ ਤਾਹਿ ਬਖਾਨੋ॥*
*(ਧਨਾਸਰੀ, ਮਃ ੯, ਪੰਨਾ: 685)*

ਗੁਰੂ ਜੀ ਦੇ ਆਸ਼ੇ ਅਨੁਸਾਰ, *ਪ੍ਰਭੂ ਮਿਲਾਪ ਲਈ ਜੋਗ ਜਿਹੀ ਕਠੋਰ ਸਾਧਨਾ ਕਰਦੇ ਹੋਏ ਜੋਗੀ ਵੀ ਉਸ ਪਰਮ-ਸਤਾ ਦਾ ਅੰਤ ਨਹੀਂ ਪਾ ਸਕੇ ਜਦੋਂ ਕਿ ਅਜਾਮਲ ਨੇ ਅੰਤ ਸਮੇਂ ਪਰਮਾਤਮਾ ਦਾ ਨਾਮ ਜਪ ਕੇ ਇਹ ਆਤਮਿਕ ਅਵਸਥਾ ਇਕ ਛਿਨ ਵਿੱਚ ਪਾ ਲਈ ਜਿਸ ਨੂੰ ਵਡੇ-ਵਡੇ ਜੋਗੀ ਲੋਚਦੇ ਹਨ।*[29] ਗੁਰੂ ਤੇਗ ਬਹਾਦਰ ਜੀ ਨਿਰਬਾਣ ਪਦ ਦੀ ਪ੍ਰਾਪਤੀ ਲਈ ਪ੍ਰਭੂ ਨਾਮ ਦੀ ਓਟ ਨੂੰ ਹੀ ਤਰਜੀਹ ਦਿੰਦੇ ਹਨ।

## ਸਾਰ

ਅੰਤ ਵਿੱਚ ਕਿਹਾ ਜਾ ਸਕਦਾ ਹੈ ਕਿ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਅਥਾਹ ਤੇ ਅਨੰਦ ਗੁਣਾਂ ਨਾਲ ਸ਼ਰਸਾਰ ਹੈ ਜਿਸ ਨੂੰ ਬਿਆਨ ਕਰਨਾ ਅਤਿ ਕਠਿਨ ਹੈ। ਗੁਰੂ ਸਾਹਿਬ ਦੁਆਰਾ ਬਾਣੀ ਵਿੱਚ ਭਿੰਨ-ਭਿੰਨ ਪੁਰਾਤਨ ਮਤ-ਮਤਾਂਤਰਾਂ ਦੇ ਪਾਤਰਾਂ ਦੇ ਨਾਵਾਂ ਆਦਿ ਨਾਲ ਸੰਬੰਧਿਤ ਵਰਤੀ ਗਈ ਸ਼ਬਦਾਵਲੀ ਦਾ ਜਿਥੇ ਜ਼ਿਕਰ ਮਿਲਦਾ ਹੈ ਉਥੇ ਇਹ ਪੌਰਾਣਿਕ ਪ੍ਰਮਾਣ ਗੁਰਬਾਣੀ ਵਿੱਚ ਆ ਇਕ ਨਵਾਂ ਰੂਪ ਤੇ ਨਵਾਂ ਅਰਥ ਗ੍ਰਹਿਣ ਕਰ ਲੈਂਦੇ ਹਨ। ਗੁਰਮਤਿ ਤੋਂ ਪੂਰਬਲੇ ਧਾਰਮਿਕ ਜਗਤ ਅੰਦਰ ਜੋ ਪਾਤਰ ਜਾਂ ਸ਼ਬਦ ਪਾਪ-ਪੁੰਨ ਜਾਂ ਕਠਿਨ ਧਾਰਮਿਕ ਕਰਮਕਾਂਡਾ ਦੇ ਲਖਾਇਕ ਸਨ ਉਨ੍ਹਾਂ ਦਾ ਬਦਲ ਗੁਰੂ ਸਾਹਿਬ ਦੀ ਬਾਣੀ ਵਿਚ ਭਗਤੀ, ਪ੍ਰੇਮ ਤੇ ਸੱਚ ਵਰਗੇ ਗੁਣਾਂ ਦੇ ਰੂਪ ਵਿੱਚ ਵੇਖਣ ਨੂੰ ਮਿਲਦਾ ਹੈ। ਸਮੁੱਚੀ ਗੁਰਬਾਣੀ ਦਾ ਮੂਲ ਪ੍ਰਯੋਜਨ ਜੀਵ ਨੂੰ ਪਰਮਸੱਤ ਨਾਲ ਜੋੜਨਾ ਹੈ। ਗੁਰੂ ਤੇਗ ਬਹਾਦਰ ਜੀ ਮਨੁੱਖ ਨੂੰ ਸੱਚ ਦਾ ਰਸਤਾ ਧਾਰਨ ਕਰਨ ਲਈ ਹਿਰਦੇ ਵਿਚ ਪ੍ਰਭੂ ਪ੍ਰੇਮ ਉਤਪੰਨ ਕਰਨ ਉਪਰ ਜ਼ੋਰ ਦਿੰਦੇ ਹਨ, ਇਹੀ ਸੱਚੀ ਸਾਧਨਾ ਨਿਰਭੈਤਾ ਭਰਪੂਰ ਜੀਵਨ ਦੀ ਬੁਨਿਆਦ ਬਣਦੀ ਹੈ।

## ਹਵਾਲੇ ਅਤੇ ਟਿੱਪਣੀਆਂ


1. *ਡਾ. ਕਾਲਾ ਸਿੰਘ ਬੇਦੀ, "ਗੁਰੂ ਤੇਗ ਬਹਾਦਰ ਜੀ ਦੀ ਬਾਣੀ ਦਾ ਸਰਵੇਖਣ (ਵਿਚਾਰਾਤਮਿਕ ਤੇ ਕਲਾਤਮਿਕ ਪੱਖ ਤੋਂ)", ਡਾ. ਤਾਰਨ ਸਿੰਘ (ਸੰਪਾ.), ਗੁਰੂ ਤੇਗ ਬਹਾਦਰ ਜੀਵਨ, ਸੰਦੇਸ਼ ਤੇ ਸ਼ਹਾਦਤ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1997, ਪੰਨਾ: 98.*
2. *ਡਾ. ਰਜਿੰਦਰ ਸਿੰਘ, "ਗੁਰੂ ਤੇਗ ਬਹਾਦਰ ਜੀ ਦੀ ਬਾਣੀ ਦਾ ਰਚਨਾ-ਵਿਧਾਨ", ਡਾ. ਮਹਿਲ ਸਿੰਘ (ਸੰਪਾ.), ਸ੍ਰੀ ਗੁਰੂ ਤੇਗ ਬਹਾਦਰ ਜੀਵਨ ਫ਼ਲਸਫ਼ਾ ਤੇ ਸ਼ਹਾਦਤ, ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ, 2021, ਪੰਨਾ: 200.*
3. *ਡਾ. ਰਤਨ ਸਿੰਘ ਜੱਗੀ (ਸੰਪਾ.), ਸਾਹਿਤ ਕੋਸ਼ ਪਰਿਭਾਸ਼ਿਕ ਸ਼ਬਦਾਵਲੀ, ਇੰਦਰਾਜ਼ "ਅਰਥ ਵਿਸਤਾਰ" (ਵੇਖੋ: **https://punjabipedia.org/topic.aspx?txt=ਅਰਥ ਵਿਸਤਾਰ**)*
4. *ਬੂਟਾ ਸਿੰਘ ਬਰਾੜ, ਪੰਜਾਬੀ ਭਾਸ਼ਾ: ਸ੍ਰੋਤ ਤੇ ਸਰੂਪ, ਵਾਰਿਸ ਸ਼ਾਹ ਫਾਊਂਡੇਸ਼ਨ, ਅੰਮ੍ਰਿਤਸਰ, 2004, ਪੰਨਾ: 235.*
5. *ਡਾ. ਕਾਲਾ ਸਿੰਘ ਬੇਦੀ, "ਗੁਰੂ ਤੇਗ ਬਹਾਦਰ ਜੀ ਦੀ ਬਾਣੀ ਦਾ ਸਰਵੇਖਣ (ਵਿਚਾਰਾਤਮਿਕ ਤੇ ਕਲਾਤਮਿਕ ਪੱਖ ਤੋਂ)", ਡਾ. ਤਾਰਨ ਸਿੰਘ (ਸੰਪਾ.), ਗੁਰੂ ਤੇਗ ਬਹਾਦਰ ਜੀਵਨ, ਸੰਦੇਸ਼ ਤੇ ਸ਼ਹਾਦਤ, ਪੰਨਾ: 89.*
6. *ਭਾਈ ਕਾਨ੍ਹ ਸਿੰਘ ਨਾਭਾ, ਮਹਾਨ ਕੋਸ਼, ਭਾਸ਼ਾ ਵਿਭਾਗ, ਪੰਜਾਬ, 2011, ਪੰਨਾ: 391 (ਇੰਦਰਾਜ਼ "ਗਜ").*
7. *ਡਾ. ਰਤਨ ਸਿੰਘ ਜੱਗੀ, ਗੁਰੂ ਗ੍ਰੰਥ ਵਿਸ਼ਵਕੋਸ਼, ਪੰਨਾ: 377.*
8. *ਮਹਾਨ ਕੋਸ਼, ਪੰਨਾ: 505 (ਇੰਦਰਾਜ਼ "ਜਪ").*
9. *ਡਾ. ਰਾਜਬਲੀ ਪਾਂਡੇ: ਹਿੰਦੂ ਧਰਮ ਕੋਸ਼ (ਹਿੰਦੀ), ਉਤਰਪ੍ਰਦੇਸ਼ ਹਿੰਦੀ ਸੰਸਥਾਨ, ਲਖਨਊ, 2003 ਸੰਸਕਰਨ, ਪੰਨਾ: 295.*
10. *ਪਿਆਰਾ ਸਿੰਘ ਪਦਮ, ਗੁਰੂ ਗ੍ਰੰਥ ਸੰਕੇਤ ਕੋਸ਼, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2009, ਪੰਨਾ: 15.*
11. *ਮਹਾਨ ਕੋਸ਼, ਪੰਨਾ: 594 (ਇੰਦਰਾਜ਼ "ਤੀਰਥ").*
12. *-ਉਹੀ-*
13. *ਡਾ. ਰਤਨ ਸਿੰਘ ਜੱਗੀ, ਪੰਜਾਬੀ ਸਾਹਿਤ ਸੰਦਰਭ ਕੋਸ਼, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1994, ਪੰਨਾ: 510.*
14. *ਮਾਸਟਰ ਮਹਿਤਾਬ ਸਿੰਘ, ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਆਏ ਇਤਿਹਾਸਕ ਨਾਵਾਂ ਤੇ ਥਾਵਾਂ ਦਾ ਕੋਸ਼, ਸਿੰਘ ਬ੍ਰਦਰਜ਼, ਅੰਮ੍ਰਿਤਸਰ, 2010, ਪੰਨਾ: 85.*
15. *ਡਾ. ਸੋਹਿੰਦਰ ਸਿੰਘ ਵਣਜਾਰਾ ਬੇਦੀ, ਪੰਜਾਬੀ ਲੋਕਧਾਰਾ ਵਿਸ਼ਵ ਕੋਸ਼, ਨੈਸ਼ਨਲ ਬੁਕ ਸ਼ਾਪ, ਦਿੱਲੀ, 2010, ਪੰਨਾ: 1540-41.*
16. *ਹਿੰਦੂ ਧਰਮ ਕੋਸ਼, ਪੰਨਾ: 613.*
17. *ਮਹਾਨ ਕੋਸ਼, ਪੰਨਾ: 989 (ਇੰਦਰਾਜ਼ "ਮੁਰਾਰਿ").*
18. *ਪਿਆਰਾ ਸਿੰਘ ਪਦਮ, ਗੁਰੂ ਗ੍ਰੰਥ ਸੰਕੇਤ ਕੋਸ਼, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1987, ਪੰਨਾ: 290.*
19. *ਡਾ. ਮਹਿਲ ਸਿੰਘ (ਸੰਪਾ.), ਸ੍ਰੀ ਗੁਰੂ ਤੇਗ ਬਹਾਦਰ ਜੀਵਨ ਫ਼ਲਸਫ਼ਾ ਤੇ ਸ਼ਹਾਦਤ, ਪੰਨਾ: 201-202.*
20. *ਉਧਰਿਤ ਡਾ. ਕਾਲਾ ਸਿੰਘ ਬੇਦੀ, "ਗੁਰੂ ਤੇਗ ਬਹਾਦਰ ਜੀ ਦੀ ਬਾਣੀ ਦਾ ਸਰਵੇਖਣ (ਵਿਚਾਰਾਤਮਕਿ ਤੇ ਕਲਾਤਮਕਿ ਪੱਖ ਤੋਂ)", ਡਾ. ਤਾਰਨ ਸਿੰਘ (ਸੰਪਾ.), ਗੁਰੂ ਤੇਗ ਬਹਾਦਰ ਜੀਵਨ, ਸੰਦੇਸ਼ ਤੇ ਸ਼ਹਾਦਤ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1997, ਪੰਨਾ: 104.*
21. *ਮਹਾਨ ਕੋਸ਼, ਪੰਨਾ: 538 (ਇੰਦਰਾਜ "ਜੰਗਮ").*
22. *ਪਿਆਰਾ ਸਿੰਘ ਪਦਮ, ਗੁਰੂ ਗ੍ਰੰਥ ਸੰਕੇਤ ਕੋਸ਼, ਪੰਨਾ: 88.*

23. ਮਹਾਨ ਕੋਸ਼, ਪੰਨਾ: 615 (ਇੰਦਰਾਜ "ਦਸ ਨਾਮ ਸੰਨਜਾਸੀ").
24. ਬਾਰਹ ਮਹਿ ਜੋਗੀ ਭਰਮਾਏ ਸੰਨਿਆਸੀ ਛਿਅ ਚਾਰਿ॥ ( ਰਾਮਕਲੀ, ਮਃ ੯, ਪੰ. 941)
25. ਡਾ. ਗੁਰਚਰਨ ਸਿੰਘ, ਸ੍ਰੀ ਗੁਰੂ ਗ੍ਰੰਥ ਕੋਸ਼, ਜਿਲਦ ਪਹਿਲੀ, ਪੰਜਾਬੀ ਯੂਨੀਵਰਸਿਟੀ ਪਟਿਆਲਾ, 2002, ਪੰਨਾ: 1055.
26. ਡਾ. ਰਤਨ ਸਿੰਘ ਜੱਗੀ, ਗੁਰੂ ਗ੍ਰੰਥ ਵਿਸ਼ਵਕੋਸ਼, ਪੰਨਾ: 407.
27. ਪਿਆਰਾ ਸਿੰਘ ਪਦਮ, ਗੁਰੂ ਗ੍ਰੰਥ ਸੰਕੇਤ ਕੋਸ਼, ਪੰਨਾ: 182.
28. ਮਹਾਨ ਕੋਸ਼, ਪੰਨਾ: 535 (ਇੰਦਰਾਜ਼ "ਜੋਗ").
29. ਅਜਾਮਲ ਕਉ ਅੰਤ ਕਾਲ ਮਹਿ ਨਾਰਾਇਨ ਸੁਧਿ ਆਈ॥ ਜਾਂ ਗਤਿ ਕਉ ਜੋਗੀਸੁਰ ਬਾਛਤ ਸੋ ਗਤਿ ਛਿਨ ਮਹਿ ਪਾਈ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ਰਾਮਕਲੀ ਮ: 9, ਪੰਨਾ: 902)

## *Cite this Article-*

*ਡਾ. ਰਾਜਵਿੰਦਰ ਕੌਰ (Dr. Rajwinder Kaur), ਗੁਰੂ ਤੇਗ ਬਹਾਦਰ ਜੀ ਦੀ ਬਾਣੀ ਵਿਚ ਵਿਭਿੰਨ ਮਤ-ਮਤਾਂਤਰਾਂ ਨਾਲ ਸੰਬੰਧਿਤ ਧਾਰਮਿਕ ਸ਼ਬਦਾਵਲੀ: ਸਰਵੇਖਣ ਤੇ ਅਰਥ ਪਰਿਵਰਤਨ (Guru Tegh Bahadur Ji Di Bani Vich Vibhin Mat-Matantar Nal Sambandit Dharmik Shabadavali: Sarvekhan Te Arth Parivartan), ਅਰਮਾਨ (ARMAAN), ISSN: 2583-9446 (O), Volume- 4, Issue- 2, April-June 2026, Page: 06-13*

*Journal URL: www.armaan.org.in*

*DOI: https://doi.org/10.64119/armaan.vol.4.issue2.02*

*This article is an open access article published under the terms and conditions of the Creative Commons Attribution (CC BY-NC 4.0) license. https://creativecommons.org/licenses/by-nc/4.0/*